

SUPREME AUDIT INSTITUTION OF INDIA
लोकहितार्थ सत्यनिष्ठा
Dedicated to Truth in Public Interest



ਲੇਖਿਆਂ ਦੀ ਇੱਕ ਝਲਕ

ਸਾਲ
2021-22



ਪੰਜਾਬ ਸਰਕਾਰ



ਲੇਖਿਆਂ ਦੀ ਇੱਕ ਝਲਕ

ਸਾਲ 2021-22

ਪ੍ਰਧਾਨ ਮਹਾਲੇਖਾਕਾਰ
(ਲੇਖਾ ਅਤੇ ਹੱਕਦਾਰੀ)
ਪੰਜਾਬ

ਪੰਜਾਬ ਸਰਕਾਰ

ਪ੍ਰਸਤਾਵਨਾ

ਮੈਨੂੰ ਪੰਜਾਬ ਸਰਕਾਰ ਦੇ ਲੇਖਿਆਂ ਦੀ ਇੱਕ ਝਲਕ ਦੇ ਸਲਾਨਾ ਪ੍ਰਕਾਸ਼ਨ ਦਾ ਚੌਵੀਵਾਂ ਅੰਕ ਪੇਸ਼ ਕਰਨ ਦੀ ਪ੍ਰਸੰਨਤਾ ਹੋ ਰਹੀ ਹੈ। ਇਸ ਪ੍ਰਕਾਸ਼ਨ ਦਾ ਮਨੋਰਥ ਮੇਰੇ ਦਫਤਰ ਵਲੋਂ ਭਾਰਤ ਦੇ ਸੰਵਿਧਾਨ ਦੀ ਧਾਰਾ 149, ਲੇਖਾ ਨਿਰੀਖਕ ਅਤੇ ਮਹਾਲੇਖਾਪਰੀਖਕ (ਡੀ ਪੀ ਸੀ) ਅਧਿਨਿਯਮ, 1971 ਦੀ ਧਾਰਾ 11 ਦੇ ਮੁਤਾਬਿਕ ਤਿਆਰ ਕੀਤੇ ਗਏ ਵਿੱਤੀ ਲੇਖਿਆਂ ਅਤੇ ਨਮਿੱਤਣ ਲੇਖਿਆਂ ਵਿੱਚ ਉਪਲਬੱਧ ਵਿਸਤ੍ਰਿਤ ਜਾਣਕਾਰੀ ਦਾ ਇੱਕ ਪਾਠਕ ਹਿਤੈਸ਼ੀ ਸਾਰ ਪੇਸ਼ ਕਰਨਾ ਹੈ।

ਰਾਜ ਦੇ ਸਲਾਨਾ ਲੇਖੇ (1) ਵਿੱਤ ਲੇਖੇ ਅਤੇ (2) ਨਮਿੱਤਣ ਲੇਖੇ ਵਿੱਚ ਵੰਡੇ ਹੁੰਦੇ ਹਨ। ਵਿੱਤ ਲੇਖੇ ਸਮੇਕਿਤ ਨਿਧੀ, ਅਚੇਤ ਨਿਧੀ ਅਤੇ ਸਾਰਵਜਨਿਕ ਲੇਖਿਆਂ ਦਾ ਸਾਰ ਹੈ। ਨਮਿੱਤਣ ਲੇਖੇ ਵਿੱਚ ਰਾਜ ਵਿਧਾਨ ਸਭਾ ਦੁਆਰਾ ਅਨੁਦਾਨ ਦੇ ਲਿਹਾਜ਼ ਵਲੋਂ ਪ੍ਰਸਤਾਵਿਤ ਖਰਚ ਦਰਜ਼ ਹੁੰਦਾ ਹੈ ਅਤੇ ਅਸਲ ਖਰਚ ਅਤੇ ਪ੍ਰਦਾਨ ਕੀਤੀ ਗਈ ਧਨਰਾਸ਼ੀ ਵਿੱਚ ਬਦਲਾਵ ਦਾ ਸਪਸ਼ਟੀਕਰਨ ਹੁੰਦਾ ਹੈ।

'ਲੇਖਿਆਂ ਦੀ ਇੱਕ ਝਲਕ' ਸਰਕਾਰੀ ਗਤੀਵਿਧੀਆਂ ਦਾ ਵਿਆਪਕ ਸਰਵੇਖਣ ਪੇਸ਼ ਕਰਦਾ ਹੈ ਜਿਸ ਵਿੱਚ ਵਿੱਤ ਲੇਖੇ ਅਤੇ ਨਮਿੱਤਣ ਲੇਖੇ ਸ਼ਾਮਿਲ ਹੁੰਦੇ ਹਨ। ਇਹ ਜਾਣਕਾਰੀ ਸੰਖੇਪ ਵਿਆਖਿਆਵਾਂ, ਵੇਰਵਾ ਪੱਤਰਾਂ, ਗ੍ਰਾਫ ਅਤੇ ਸਮਾਂ ਸੂਚੀ ਵਿਸ਼ਲੇਸ਼ਣ ਦੁਆਰਾ ਪੇਸ਼ ਕੀਤੀ ਜਾਂਦੀ ਹੈ ਜੋ ਕਿ ਹਿਤਧਾਰਕਾਂ–ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਲੇਖਿਆਂ ਦੀ ਜਾਣਕਾਰੀ ਦਿੰਦੀ ਹੈ। ਸਾਲ 2021–22 ਦੇ ਵਿੱਤ ਲੇਖੇ, ਨਮਿੱਤਣ ਲੇਖੇ, ਲੇਖਾ ਨਿਰੀਖਕ ਅਤੇ ਮਹਾਲੇਖਾਪਰੀਖਕ ਦੀ ਰਾਜ ਲੇਖਿਆਂ ਤੇ ਰਿਪੋਰਟ ਅਤੇ ਲੇਖਿਆਂ ਦੀ ਇੱਕ ਝਲਕ ਨੂੰ ਪੜਨ ਤੇ ਹਿਤਧਾਰਕਾਂ ਨੂੰ ਰਾਜ ਵਿੱਤ ਦੇ ਵੱਖਰੇ ਪਹਿਲੂਆਂ ਨੂੰ ਜ਼ਿਆਦਾ ਪਰਭਾਵੀ ਢੰਗ ਨਾਲ ਸਮਝਣ ਲਈ ਮਦਦ ਕਰਨਗੇ।

ਅਸੀਂ ਇਸ ਪ੍ਰਕਾਸ਼ਨ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਕਰਨ ਵਾਲੇ ਪਾਠਕਾਂ ਦੀ ਰਾਏ ਲਈ ਤਤਪਰ ਹਾਂ।

ਮਿਤੀ : 19 ਦਿਸੰਬਰ 2022
ਚੰਡੀਗੜ੍ਹ

ਸ਼ੈਲੇਂਦਰ ਵਿਕਰਮ ਸਿੰਘ
ਪ੍ਰਧਾਨ ਮਹਾਲੇਖਾਕਾਰ (ਲੇਖਾ ਅਤੇ ਹੱਕਦਾਰੀ)
ਪੰਜਾਬ

ਸਾਡੀ ਦੂਰ ਦ੍ਰਿਸ਼ਟੀ, ਉਦੇਸ਼ ਅਤੇ ਬੁਨਿਆਦੀ ਮੁੱਲ

ਦੂਰ ਦ੍ਰਿਸ਼ਟੀ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂਲੇਖਾਪਰੀਖਕ ਦੀ ਸੰਸਥਾ ਦੀ ਦੂਰ-ਦ੍ਰਿਸ਼ਟੀ ਉਸ ਮਨੋਰਥ ਦਾ ਪ੍ਰਗਟਾਵਾ ਕਰਦੀ ਹੈ ਜੋ ਅਸੀਂ ਬਣਨ ਦੀ ਅਕਾਂਕਸਾਂ ਰੱਖਦੇ ਹਾਂ।

ਅਸੀਂ ਵਿਸ਼ਵ ਵਿਆਪੀ ਆਗੂ ਅਤੇ ਸਰਕਾਰੀ ਖੇਤਰ ਦੀ ਲੇਖਾ ਪ੍ਰੀਖਿਆ ਅਤੇ ਲੇਖੇ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਉੱਤਮ ਪੱਧਤੀ ਦੇ ਮੋਢੀ ਬਣਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਸਾਡੀ ਪਛਾਣ ਸੁਤੰਤਰ, ਪ੍ਰਮਾਣਕ, ਸੰਤੁਲਿਤ, ਲੋਕ ਵਿੱਤ ਅਤੇ ਸ਼ਾਸ਼ਨ ਤੇ ਸਮੇਂ ਨਾਲ ਰਿਪੋਰਟ ਕਰਨ ਵਜੋਂ ਬਣ ਚੁੱਕੀ ਹੈ।

ਉਦੇਸ਼

ਸਾਡਾ ਉਦੇਸ਼ ਸਾਡੀ ਅਜ ਦੀ ਭੂਮਿਕਾ ਨੂੰ ਸਪੱਸ਼ਟ ਕਰਦਾ ਹੈ ਅਤੇ ਪ੍ਰਗਟਾਉਂਦਾ ਹੈ ਕਿ ਅੱਜ ਅਸੀਂ ਕੀ ਕਰ ਰਹੇ ਹਾਂ।

ਭਾਰਤ ਦੇ ਸੰਵਿਧਾਨ ਵਲੋਂ ਸਪੁਰਦ ਆਦੇਸ਼ ਦੇ ਮੁਤਾਬਿਕ, ਅਸੀਂ ਉੱਚ ਗੁਣਵੱਤਾ ਦੀ ਲੇਖਾ ਪ੍ਰੀਖਿਆ ਅਤੇ ਲੇਖਿਆਂ ਰਾਹੀਂ ਜਵਾਬਦੇਈ, ਪਾਰਦਰਸ਼ਤਾ ਅਤੇ ਸੁਚਾਰੂ ਸਾਸ਼ਨ ਨੂੰ ਵਧਾਵਾ ਦਿੰਦੇ ਹਾਂ ਅਤੇ ਆਪਣੇ ਹਿਤਧਾਰਕਾਂ– ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਸੰਤਤਰ ਭਰੋਸਾ ਪ੍ਰਦਾਨ ਕਰਦੇ ਹਾਂ ਕਿ ਸਰਕਾਰੀ ਫੰਡਾਂ ਦੀ ਵਰਤੋਂ ਕੁੱਸ਼ਲਤਾ ਅਤੇ ਤਜ਼ਵੀਜ਼ਤ ਮਨੋਰਥਾਂ ਲਈ ਹੀ ਕੀਤੀ ਜਾ ਰਹੀ ਹੈ।

ਬੁਨਿਆਦੀ ਮੁੱਲ

ਸਾਡੇ ਬੁਨਿਆਦੀ ਮੁੱਲ ਸਾਡੇ ਸਾਰੇ ਕੰਮਾਂ ਲਈ ਮਾਰਗਦਰਸ਼ਕ ਹਨ ਅਤੇ ਸਾਡੇ ਨਿਸ਼ਪਾਦਨ ਦਾ ਆਕਲਨ ਕਰਨ ਲਈ ਮਾਣਕ ਦਿੰਦੇ ਹਨ।

- ਸੁਤੰਤਰਤਾ
- ਵਾਸਤਵਿਕਤਾ
- ਇਮਾਨਦਾਰੀ
- ਭਰੋਸੇਯੋਗਤਾ
- ਪੇਸ਼ਾਵਰ ਸ੍ਰੇਸ਼ਟਤਾ
- ਪਾਰਦਰਸ਼ਤਾ
- ਸਕਾਰਾਤਮਕ ਦ੍ਰਿਸ਼ਟੀਕੋਣ

ਵਿਸ਼ਾ ਸੂਚੀ

		ਪੰਨਾ ਨੰ :
ਅਧਿਆਇ I	ਉਵਰਵਿਊ	
1.1	ਭੂਮਿਕਾ	1
1.2	ਸਰਕਾਰੀ ਲੇਖਿਆਂ ਦਾ ਢਾਂਚਾ	2
1.3	ਵਿਤ ਲੇਖੇ ਅਤੇ ਨਮਿਤਣ ਲੇਖੇ	4
1.4	ਫੰਡਾਂ ਦੇ ਸਰੋਤ ਅਤੇ ਵਰਤੋਂ	6
1.5	ਘਾਟਾ ਅਤੇ ਵਾਧਾ	9
ਅਧਿਆਇ II	ਪ੍ਰਾਪਤੀਆਂ	
2.1	ਭੂਮਿਕਾ	12
2.2	ਮਾਲੀਆਂ ਪ੍ਰਾਪਤੀਆਂ	12
2.3	ਕਰ ਆਮਦਨ	14
2.4	ਕਰ ਵਸੂਲੀ ਦੀ ਕਾਰਜਕੁਸ਼ਲਤਾ	16
2.5	ਕੇਂਦਰੀ ਕਰਾਂ/ਡਿਉਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਣ	16
2.6	ਅਨੁਦਾਨ ਸਹਾਇਤਾ	17
2.7	ਸਾਰਵਜਨਿਕ ਕਰਜੇ	18
ਅਧਿਆਇ III	ਖਰਚੇ	
3.1	ਭੂਮਿਕਾ	20
3.2	ਮਾਲੀਆ ਖਰਚੇ	20
3.3	ਪੂੰਜੀਗਤ ਖਰਚੇ	22
3.4	ਬਚਨਬੱਧ ਖਰਚੇ	23
ਅਧਿਆਇ IV	ਨਮਿਤੱਣ ਲੇਖੇ	
4.1	ਨਮਿਤੱਣ ਲੇਖੇ 2021-22 ਦਾ ਸਾਰ	25
4.2	ਪਿਛਲੇ ਪੰਜ ਸਾਲਾਂ ਦੌਰਾਨ ਬੱਚਤਾਂ/ਵਧੀਕਾਂ ਦਾ ਰੁਝਾਣ	25
4.3	ਮਹਤੱਵਪੂਰਨ ਬੱਚਤਾਂ/ਖਰਚੇ	26

ਪੰਨਾ ਨੰ :

ਅਧਿਆਇ V	ਸੰਪਦਾ ਅਤੇ ਦੇਣਦਾਰੀਆਂ	
5.1	ਸੰਪਦਾ	27
5.2	ਕਰਜ਼ੇ ਅਤੇ ਦੇਣਦਾਰੀਆਂ	28
5.3	ਗਰੰਟੀਆਂ	29
ਅਧਿਆਇ VI	ਹੋਰ ਮੱਦਾਂ	
6.1	ਵਸਤੂ ਅਤੇ ਸੇਵਾ ਟੈਕਸ (GST)	30
6.2	ਬਕਾਇਆ ਬਿਉਰੇਵਾਰ ਅਗੇਤੇ ਸੰਭਾਵੀ ਬਿੱਲ	30
6.3	ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਲਈ ਬਕਾਇਆ ਵਰਤੋਂ ਸਰਟੀਫੀਕੇਟ	31
6.4	ਸਮੇਕਿਤ ਕਰਜ਼ ਭੁਗਤਾਨ ਫੰਡ.....	31
6.5	ਗਰੰਟੀ ਰਿਡੰਮਪਸ਼ਨ ਫੰਡ.....	31
6.6	ਵਿਭਾਗੀ ਅਫਸਰਾਂ ਕੋਲ ਨਕਦ	32
6.7	ਰਾਜ ਸਰਕਾਰ ਦੁਆਰਾ ਉਧਾਰ ਅਤੇ ਪੇਸ਼ਗੀ ਦੇਣਾ.....	32
6.8	ਲੇਖਾ ਰੱਖਣ ਵਾਲੀਆਂ ਇਕਾਈਆਂ ਦੁਆਰਾ ਲੇਖਾ ਭੇਜਣਾ	32
6.9	ਲੇਖਿਆਂ ਦਾ ਮਿਲਾਨ.....	32
6.10	ਨੈਸ਼ਨਲ ਪੈਨਸ਼ਨ ਸਿਸਟਮ (NPS).....	33
6.11	ਰਾਜ ਮੁਆਵਜਾ ਵਣਨ ਫੰਡ.....	33
6.12	ਇਮਾਰਤ ਅਤੇ ਹੋਰ ਉਸਾਰੀ ਕਾਮਿਆਂ ਦੇ ਭਲਾਈ ਸੈਸ	33

ਅਧਿਆਇ I

ਉਵਰਵਿਊ

1.1 ਭੂਮਿਕਾ

ਪ੍ਰਧਾਨ ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦਾ ਦਫਤਰ ਮਲਟੀਪਲ ਏਜੰਸੀਆਂ ਵੱਲੋਂ ਭੇਜੇ ਗਏ ਲੇਖਿਆਂ ਦੇ ਅੰਕੜਿਆਂ ਨੂੰ ਜਾਂਚਦਾ, ਸੰ੍ਣੀਬੱਧ ਅਤੇ ਸੰਕਲਿਤ ਕਰਦਾ ਹੈ ਅਤੇ ਪੰਜਾਬ ਸਰਕਾਰ ਦੇ ਲੇਖੇ ਤਿਆਰ ਕਰਦਾ ਹੈ। ਇਹ ਸੰਕਲਨ ਜਿਲ੍ਹਾ ਖਜਾਨਿਆਂ, ਲੋਕ ਨਿਰਮਾਣ ਮੰਡਲਾਂ ਅਤੇ ਜੰਗਲਾਤ ਮੰਡਲਾਂ, ਹੋਰ ਰਾਜਾਂ/ਲੇਖਾ ਦਫਤਰਾਂ ਵੱਲੋਂ ਭੇਜੇ ਗਏ ਸ਼ੁਰੂਆਤੀ ਲੇਖਿਆਂ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਕਲੀਅਰੈਂਸ ਮੀਮੋ ਦੇ ਅਧਾਰ ਤੇ ਕੀਤਾ ਜਾਂਦਾ ਹੈ। ਪ੍ਰਧਾਨ ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦੇ ਦਫਤਰ ਵੱਲੋਂ ਹਰ ਮਹੀਨੇ ਇੱਕ ਮਾਹਵਾਰ ਸਿਵਲ ਲੇਖਾ ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ। ਪ੍ਰਧਾਨ ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਦਫਤਰ ਵੱਲੋਂ ਸਰਕਾਰ ਦੁਆਰਾ ਕੀਤੇ ਗਏ ਖਰਚੇ ਦੀ ਗੁਣਵੱਤਾ ਅਤੇ ਮਹੱਤਵਪੂਰਣ ਵਿੱਤੀ ਸੂਚਕਾਂ ਤੇ ਇੱਕ ਮਹੀਨਾਵਾਰ ਆਭਾ ਪ੍ਰਬੰਧਨ ਰਿਪੋਰਟ ਵੀ ਭੇਜੀ ਜਾਂਦੀ ਹੈ। ਇਸਤੋਂ ਇਲਾਵਾ ਭਾਰਤ ਦੇ ਸੰਵਿਧਾਨ ਦੀ ਧਾਰਾ 149 ਅਤੇ ਲੇਖਾ ਨਿਰੀਖਕ ਤੇ ਮਹਾਲੇਖਾਪਰੀਖਕ (ਕਰਤੱਵ, ਇਖਤੀਆਰ ਅਤੇ ਸੇਵਾ ਸ਼ਰਤਾਂ) ਐਕਟ, 1971 ਦੀਧਾਰਾ 11 ਦੇ ਅਨੁਸਾਰ ਵਿੱਤ ਲੇਖੇ ਤੇ ਨ ਸਿੱਤਣ ਲੇਖੇ ਪ੍ਰਧਾਨਮਹਾਲੇਖਾਕਾਰ ਦੁਆਰਾ ਸਲਾਨਾ ਤਿਆਰ ਕੀਤੇ ਜਾਂਦੇ ਹਨ, ਜੋ ਕਿ ਪ੍ਰਧਾਨ ਮਹਾਲੇਖਾਕਾਰ (ਆਡਿਟ) ਪੰਜਾਬ ਵੱਲੋਂ ਆਡਿਟ ਅਤੇ ਲੇਖਾ ਨਿਰੀਖਕ ਤੇ ਮਹਾਲੇਖਾਪਰੀਖਕ ਵੱਲੋਂ ਤਸਦੀਕੀ ਕਰਨ ਉਪਰੰਤ ਰਾਜ ਵਿਧਾਨ ਸਭਾ ਵਿੱਚ ਪੇਸ਼ ਕੀਤੇ ਜਾਂਦੇ ਹਨ।

1.2 ਸਰਕਾਰੀ ਲੇਖਿਆਂ ਦਾ ਢਾਂਚਾ

1.2.1 ਸਰਕਾਰੀ ਲੇਖੇ ਦੇ ਤਿੰਨ ਹਿੱਸੇ ਹੁੰਦੇ ਹਨ:

ਸਰਕਾਰੀ ਲੇਖਿਆਂ ਦਾ ਢਾਂਚਾ

ਭਾਗ 1
ਸਮੇਕਿਤ ਫੰਡ

ਸਰਕਾਰ ਦੁਆਰਾ ਪ੍ਰਾਪਤ ਕਰ ਅਤੇ ਗੈਰ-ਕਰ ਆਮਦਨ, ਸਾਰਵਜਨਿਕ ਕਰਜੇ, ਦਿੱਤੇ ਗਏ ਕਰਜੇ ਦੀ ਵਾਪਸੀ (ਸਮੇਤ ਵਿਆਜ) ਸਮੇਤ ਸਾਰਾ ਮਾਲੀਆ ਸਮੇਕਿਤ ਫੰਡ ਦਾ ਹਿੱਸਾ ਹਨ।

ਸਰਕਾਰੀ ਕਰਜੇ ਅਤੇ ਪੇਸ਼ਗੀਆਂ ਦੀ ਵੰਡ, ਲਿੱਤੇ ਗਏ ਕਰਜੇ ਦੀ ਅਦਾਇਗੀ (ਸਮੇਤ ਬਿਆਜ) ਸਮੇਤ ਸਾਰੇ ਖਰਚੇ ਅਤੇ ਵੰਡਾਂ ਸਮੇਕਿਤ ਫੰਡ ਤੋਂ ਕੀਤੇ ਜਾਂਦੇ ਹਨ।

ਭਾਗ 2
ਸੰਕਟਕਾਲੀਨ ਫੰਡ

ਸੰਕਟਕਾਲੀਨ ਫੰਡ ਅਗੇਤ ਖਾਤੇ ਦੇ ਸੁਭਾਵ ਦਾ ਹੈ, ਜਿਸਨੂੰ ਵਿਧਾਨ ਸਭਾ ਦੁਆਰਾ ਲੰਬਿਤ ਪ੍ਰਵਾਨਗੀ ਤੇ ਅਣਪਛਾਤੀ ਖਰਚਾ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਫੰਡ ਵਿਚੋਂ ਕੀਤੇ ਖਰਚੇ ਦੀ ਭਰਪਾਈ ਸਮੇਕਿਤ ਫੰਡ ਵਿਚੋਂ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ ਦਾ ਇਸ ਫੰਡ ਦਾ ਕੋਰਪਸ (Corpus) 25.00 ਕਰੋੜ ਰੁਪਏ ਹੈ।

ਭਾਗ 3
ਸਰਵਜਨਿਕ ਲੇਖੇ


ਜੰਨਤਕ ਖਾਤੇ ਵਿੱਚ ਕਰਜੇ (ਭਾਗ 1 ਵਿੱਚ ਸ਼ਾਮਲ ਲੈਣ-ਦੇਣ ਨੂੰ ਛੱਡ ਕੇ), ਜਮਾਂ ਰਕਮਾਂ, ਪੇਸ਼ਗੀ ਜਮਾਂ ਕਰਵਾਈ ਰਕਮਾਂ ਅਤੇ ਉਚੰਤ ਰਕਮਾਂ ਨਾਲ ਸਬੰਧਿਤ ਲੈਣ-ਦੇਣ ਦਰਜ ਕੀਤੇ ਜਾਂਦੇ ਹਨ।

ਇਸ ਭਾਗ ਵਿੱਚ ਕਰਜੇ, ਜਮਾਂ ਅਤੇ ਪੇਸ਼ਗੀਆਂ ਦੇ ਲੈਣ-ਦੇਣ [ਸਮੇਤ ਸਾਬਕਾ (ਕਰਜੇ ਤੇ ਜਮਾਂ ਰਕਮਾਂ) ਦਾ ਭੁਗਤਾਨ ਅਤੇ ਬਾਦ ਵਾਲੇ (ਪੇਸ਼ਗੀ ਜਮਾਂ) ਦੀ ਮੁੜ ਪ੍ਰਾਪਤੀਆਂ] ਇਸ ਤਰਾਂ ਦੇ ਹੁੰਦੇ ਹਨ, ਜਿਨ੍ਹਾਂ ਦੇ ਸਬੰਧ ਵਿੱਚ ਅਦਾਇਗੀ ਦੀ ਜੁੰਮੇਵਾਰੀ ਸਰਕਾਰ ਦੀ ਹੁੰਦੀ ਹੈ ਜਾਂ ਭੁਗਤਾਨ ਕੀਤੀ ਰਕਮਾਂ ਨੂੰ ਮੁੜ ਪ੍ਰਾਪਤ ਕਰਨ ਦਾ ਦਾਅਵਾ ਕੀਤਾ ਜਾ ਸਕਦਾ ਹੈ।

ਇਸ ਭਾਗ ਵਿੱਚ ਜਮਾਂ ਕਰਵਾਈਆਂ ਰਕਮਾਂ ਅਤੇ ਉਚੰਤ ਸਬੰਧੀ ਲੈਣ-ਦੇਣ ਇਸ ਤਰਾਂ ਦੇ ਹੁੰਦੇ ਹਨ ਜੋ ਕਿ ਆਮ ਤੌਰ ਤੇ ਸਮਾਯੋਜਿਤ ਮਦਾਂ ਹੁੰਦਿਆਂ ਹਨ ਜਿਨ੍ਹਾਂ ਅਧੀਨ ਖਜਾਨਿਆਂ ਅਤੇ ਕਰੇਂਸੀ ਚੇਸਟ ਵਿਚਕਾਰ ਜਮਾਂ ਕਰਵਾਈਆਂ ਰਕਮਾਂ ਅਤੇ ਲੇਖਾ ਸਰਕਲਾਂ ਵਿੱਚ ਟ੍ਰਾਂਸਫਰ ਸਬੰਧੀ ਲੈਣ-ਦੇਣ ਸ਼ਾਮਲ ਹੁੰਦੇ ਹਨ। ਇਨ੍ਹਾਂ ਮਦਾਂ ਵਿੱਚ ਸ਼ੁਰੂਆਤੀ ਡੈਬਿਟ ਜਾਂ ਕ੍ਰੇਡਿਟ ਦਾ ਨਿਪਟਾਰਾ ਅਸਲੀ ਮੱਦ ਨੂੰ ਬੁਕ ਕਰਕੇ ਕੀਤਾ ਜਾਂਦਾ ਹੈ।

1.2.2 ਸਰਕਾਰੀ ਲੇਖੇ ਦੇ ਢਾਂਚੇ ਦਾ ਚਿਤਰਣ

ਸਰਕਾਰੀ ਲੇਖੇ ਦੇ ਢਾਂਚੇ ਦਾ ਚਿਤਰਣ



1.3 ਵਿੱਤ ਲੇਖੇ ਅਤੇ ਨਮਿੱਤਣ ਲੇਖੇ


1.3.1 ਵਿੱਤ ਲੇਖੇ

ਵਿੱਤ ਲੇਖੇ ਸਰਕਾਰ ਦੀਆਂ ਸਲਾਨਾ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਨਾਲ ਨਾਲ ਮਾਲੀਆਂ ਅਤੇ ਪੂੰਜੀਗਤ ਲੇਖਿਆ ਵਿੱਚ ਦਰਸਾਏ ਗਏ ਵਿੱਤੀ ਨਤੀਜਿਆਂ ਅਤੇ ਸਾਰਵਜਨਿਕ ਕਰਜ਼ੇ ਅਤੇ ਸਰਵਜਨਿਕ ਲੇਖਿਆ ਦੇ ਬਕਾਇਆ ਨੂੰ ਦਰਸਾਉਂਦੇ ਹਨ। ਜਿਆਦਾ ਵਿਆਪਕ ਅਤੇ ਸੂਚਨਾਪੂਰਨ ਬਨਾਉਣ ਲਈ ਵਿੱਤ ਲੇਖੇ ਦੋ ਭਾਗਾਂ ਵਿੱਚ ਤਿਆਰ ਕੀਤੇ ਗਏ ਹਨ। ਵਿੱਤ ਲੇਖੇ ਭਾਗ–I ਵਿੱਚ ਭਾਰਤ ਦੇ ਨਿਰੀਖਕ ਅਤੇ ਮਹਾਂਲੇਖਾਪ੍ਰੀਖਕ ਦਾ ਪ੍ਰਮਾਣ ਪੱਤਰ, ਵਿੱਤ ਲੇਖੇ ਲਈ ਗਾਇਡ, 13 ਸਟੇਟਮੈਂਟਾਂ ਜੋਕਿ ਰਾਜ ਸਰਕਾਰ ਦੇ ਚਾਲੂ ਵਿੱਤ ਸਾਲ ਦੇ ਵਿੱਤੀ ਲੈਣ ਦੇਣ ਸਥਿਤੀ ਦੀ ਸੰਖੇਪ ਵਿੱਚ ਸੂਚਨਾ, ਨੋਟਸ ਟੂ ਅਕਾਉਂਟਸ ਅਤੇ ਇਸਦੇ ਅਨੁੱਲਗ ਸ਼ਾਮਲ ਹਨ। ਵਿੱਤ ਲੇਖੇ ਦੇ ਭਾਗ–II ਵਿੱਚ 2 ਹਿੱਸੇ ਹਨ, ਪਹਿਲੇ ਹਿੱਸੇ ਵਿੱਚ 9 ਵਿਸਤ੍ਰਿਤ ਸਟੇਟਮੈਂਟਾਂ ਅਤੇ ਦੂਜੇ ਹਿੱਸੇ ਵਿੱਚ 12 ਅੰਤਿਕਾਵਾ (Appendices) ਹਨ।

ਸਾਲ 2021–22 ਵਿੱਚ ਵਿੱਤ ਲੇਖੇ ਵਿੱਚ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭੁਗਤਾਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਸਾਲ 2021–22 ਵਿੱਚ ਪ੍ਰਾਪਤੀਆਂ ਅਤੇ ਭੁਗਤਾਨ

(ਰੁਪਏ ਕਰੋੜ ਵਿੱਚ)



** ਉਧਾਰ ਅਤੇ ਹੋਰ ਦੇਣਦਾਰੀਆਂ : ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ–ਭੁਗਤਾਨ)+ਨਿਰੋਲ ਅਚੇਤ ਫੰਡ+ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ–ਭੁਗਤਾਨ)+ਨਿਰੋਲ ਮੁਢਲੇ ਅਤੇ ਅੰਤਿਮ ਰੋਕੜ ਬਕਾਇਆ।*

ਕੇਂਦਰ ਸਰਕਾਰ ਰਾਜ ਵਿੱਚ ਲਾਗੂ ਕਰਣ ਵਾਲੀ ਇਜੰਸੀਆਂ/ਗੈਰ ਸਰਕਾਰੀ ਸੰਸਥਾਨਾਂ ਨੂੰ ਵੱਖ ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਮੂਲ ਫੰਡ ਸਿੱਧੇ ਤੌਰ ਤੇ ਤਬਦੀਲ ਕਰਦੀ ਹੈ। ਸਾਲ 2021-22 ਵਿੱਚ ਭਾਰਤ ਸਰਕਾਰ ਨੇ 5,618 ਕਰੋੜ ਰੁਪਏ ਦੇ ਫੰਡ ਸਿੱਧੇ ਤੌਰ ਤੇ ਪੰਜਾਬ ਵਿੱਚ ਲਾਗੂ ਕਰਣ ਵਾਲੀਆਂ ਇਜੰਸੀਆਂ ਨੂੰ ਜਾਰੀ ਕੀਤੇ। ਇਹ ਫੰਡ ਰਾਜ ਦੇ ਬਜ਼ਟ ਤੋਂ ਬਾਹਰ ਹੁੰਦੇ ਹਨ ਅਤੇ ਰਾਜ ਸਰਕਾਰ ਦੇ ਲੇਖੇ ਵਿੱਚ ਵੀ ਨਹੀਂ ਦਰਸਾਏ ਜਾਂਦੇ ਹਨ। ਵਿੱਤ ਲੇਖੇ ਵਿੱਚ ਭਾਗ 2 ਅੰਕਿਤਾ 5 ਵਿੱਚ ਇਹ ਫੰਡ ਦਰਸਾਏ ਜਾਂਦੇ ਹਨ।

1.3.2 ਲੇਖੇ ਦੀਆਂ ਵਿੱਤੀ ਵਿਸ਼ੇਸ਼ਤਾਈਆਂ

ਸਾਲ 2021-22 ਵਿੱਚ ਅਸਲ ਵਿੱਤੀ ਨਤੀਜਿਆਂ ਦਾ ਵੇਰਵਾ, ਬਜਟ ਅਨੁਮਾਨਾਂ ਦੇ ਅਨੁਸਾਰ ਇਸ ਤਰਾਂ ਹੈ:

(ਰੁਪਏ ਕਰੋੜ ਵਿੱਚ)

ਲੜੀ ਨੰ:	ਹਿੱਸੇ	ਬਜਟ ਅਨੁਮਾਨ 2021-22	ਅਸਲ 2021-22	ਅਸਲ ਦੀ ਬਜਟ ਅਨੁਮਾਨ ਨਾਲ ਪ੍ਰਤੀਸ਼ਸਤਾ	ਅਸਲ ਤੋਂ ਜੀਐਸਡੀਪੀ (ਏ) ਦੀ ਪ੍ਰਤੀਸ਼ਤ
1.	ਕਰ ਆਮਦਨ	49,461	52,615(ੳ)	106	9
2.	ਗੈਰ ਕਰ ਆਮਦਨ	7,759	4,784	62	1
3.	ਅਨੁਦਾਨ ਸਹਾਇਤਾ ਅਤੇ ਯੋਗਦਾਨ	38,038	20,769	55	3
4.	*ਮਾਲੀਆ ਪ੍ਰਾਪਤੀਆਂ (1+2+3)*	**95,258**	**78,168**	**82**	**13**
5.	ਕਰਜ਼ੇ ਅਤੇ ਪੇਸ਼ਗੀਆ ਦੀ ਵਸੂਲੀ	5	207	4140	..
6.	ਹੋਰ ਪ੍ਰਾਪਤੀਆਂ	..	..	..	..
7.	ਉਧਾਰ ਅਤੇ ਹੋਰ ਦੇਣਦਾਰੀਆਂ (ਅ)	24,239	27,847	115	5
8.	*ਪੂੰਜੀਗਤ ਪ੍ਰਾਪਤੀਆਂ (5+6+7)*	24,244	28,054	116	5
9.	*ਕੁੱਲ ਪ੍ਰਾਪਤੀਆਂ (4+8)*	1,19,502	1,06,222	89	18
10.	*ਮਾਲੀਆ ਖਰਚੇ*	1,03,880	96,636	93	17
11.	*ਬਿਆਜ ਦੇਣ ਤੇ ਖਰਚਾ (ਮਾਲੀਆ ਖਰਚੇ ਤੋਂ)*	21,241	20,884	98	4
12.	*ਪੂੰਜੀਗਤ ਖਰਚੇ*	14,134	8,010	57	1
13.	*ਕਰਜੇ ਅਤੇ ਪੇਸ਼ਗੀਆਦੀ ਵੰਡ*	1,488	1,576	106	..
14.	*ਕੁੱਲ ਖਰਚਾ (10+12+13)*	1,19,502	1,06,222	89	18
15.	*ਮਾਲੀਆ ਘਾਟਾ (4-10)*	8,622	18,468	214	3
16.	*ਵਿੱਤੀ ਘਾਟਾ (4+5+6-14)*	24,239	27,847	115	5

ੳ) ਕੇਂਦਰੀ ਕਰਾਂ ਵਿੱਜ ਰਾਜ ਦਾ ਹਿੱਸਾ 15,289 ਕਰੋੜ ਰੁਪਏ ਹੈ।

ਅ) ਉਧਾਰ ਅਤੇ ਹੋਰ ਦੇਣਦਾਰੀਆਂ: ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ-ਭੁਗਤਾਨ)+ ਨਿਰੋਲ ਅਚੇਤ ਫੰਡ+ ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ-ਭੁਗਤਾਨ)-ਨਿਰੋਲ-ਮੁੱਢਲੇ ਅਤੇ ਅੰਤਿਮ ਰੋਕੜ ਬਕਾਇਆ।

ਏ) ਭਾਰਤ ਸਕਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਗਲੇ ਨਵੀ ਦਿੱਲੀ ਦੀ ਵੇਬਸਾਇਟ ਤੇ 31 ਮਈ 2022 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ 5,84,042 ਕਰੋੜ ਰੁਪਏ ਹੈ।

1.3.3 ਨਮਿੱਤਣ ਲੇਖੇ

ਹਰੇਕ ਸਾਲ ਵਿੱਚ ਨਮਿੱਤਣ ਲੇਖੇ ਰਾਜ ਸਰਕਾਰ ਦੇ ਸਮਕਿਤ ਨਿਧੀ ਤੋਂ ਸਕਲ ਖਰਚੇ (ਵੋਟਿਡ ਅਤੇ ਚਾਰਜਡ) ਦੇ ਮੁਕਾਬਲੇ ਭਾਰਤੀ ਸੰਵਿਧਾਨ ਦੇ ਅਨੁਛੇਦ 204 ਅਤੇ 205 ਦੇ ਅਧੀਨ ਰਾਜ ਸਰਕਾਰ ਦੁਆਰਾ ਪਾਸ ਕੀਤੇ ਨਮਿੱਤਣ ਐਕਟ ਨਾਲ ਨੱਥੀ ਅਨੁਸੂਚੀਆਂ ਵਿੱਚ ਨਿਰਧਾਰਿਤ ਰਕਮਾਂ ਨੂੰ ਦਰਸਾਉਂਦੇ ਹਨ। ਪੰਜਾਬ ਸਰਕਾਰ ਦੇ ਸਾਲ 2021-22 ਦੇ ਨਮਿੱਤਣ ਲੇਖੇ ਸਾਲ 2021-22 ਵਿੱਚ 32 ਚਾਰਜਡ ਅਤੇ 42 ਵੋਟਿਡ ਅਨੁਦਾਨਾਂ ਵਿੱਚ ਖਰਚ ਦੀਆਂ ਰਕਮਾਂ ਨੂੰ ਦਰਸਾਉਂਦੇ ਹਨ।

1.3.4 ਬਜਟ ਤਿਆਰ ਕਰਨ ਵਿੱਚ ਨਿਪੁੰਨਤਾ

ਨਮਿੱਤਣ ਅਧਿਨਿਯਮ 2021-22 ਦੇ ਅੰਤਰਗਤ 1,79,405 ਕਰੋੜ ਰੁਪਏ ਦਾ ਕੁੱਲ ਖਰਚਾ ਹੋਇਆ ਜਿਸ ਵਿੱਚ ਸਾਲ ਦੌਰਾਨ ਵਿਧਾਨ ਸਭਾ ਦੁਆਰਾ ਪਾਰਿਤ 11,390 ਕਰੋੜ ਰੁਪਏ ਦੀਆਂ ਪੂਰਕ ਗਰਾਂਟਾਂ ਸ਼ਾਮਲ ਹਨ। ਖਰਚੇ ਦੀ ਕਟੌਤੀ ਵੱਜੋਂ ਕੁੱਝ ਵੀ ਰਕਮ ਦਾ ਪ੍ਰਾਵਧਾਨ ਨਹੀਂ ਕੀਤਾ ਗਿਆ।

ਨਮਿੱਤਣ ਲੇਖੇ 2021-22 ਵਿਚ 1,79,405 ਕਰੋੜ ਰੁਪਏ ਦੇ ਬਜਟ ਅਨੁਮਾਨ ਦੇ ਮੁਕਾਬਲੇ ਕੁਲ 1,26,570 ਕਰੋੜ ਰੁਪਏ ਦਾ ਕੁੱਲ ਭੁਗਤਾਨ ਦਿਖਾਇਆ ਗਿਆ ਹੈ। ਨਤੀਜੇ ਵਜੋਂ 52,835 ਕਰੋੜ ਰੁਪਏ ਦੀ (29 ਪ੍ਰਤੀਸਤ) ਦੀ ਸ਼ੁੱਧ ਬਚਤ ਹੋਈ। ਇਸ ਤਰਾਂ ਕੁਲ ਬਚਤ 45,033 ਕਰੋੜ ਰੁਪਏ (85%) ਦੀ ਬਚਤ ਵਿੱਤ ਵਿਭਾਗ (35,731 ਕਰੋੜ ਰੁਪਏ), ਸਥਾਨਿਕ ਸਰਕਾਰ ਵਿਭਾਗ (2,778 ਕਰੋੜ ਰੁਪਏ) ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ (2,321 ਕਰੋੜ ਰੁਪਏ), ਖੇਤੀਬਾੜੀ ਵਿਭਾਗ (1,843 ਕਰੋੜ ਰੁਪਏ), ਜਲ ਸਰੋਤ ਵਿਭਾਗ (1,211 ਕਰੋੜ ਰੁਪਏ) ਸਿਖਿਆ ਵਿਭਾਗ (1,149 ਕਰੋੜ ਰੁਪਏ) ਅਧੀਨ ਹੋਈ। ਇਸ ਤਰਾਂ ਦੋ ਵੋਟਿਡ ਅਨੁਦਾਨ ਅਤੇ ਇੱਕ ਚਾਰਜਡ ਨਮਿੱਤਨ ਵਿੱਚ 381 ਕਰੋੜ ਰੁਪਏ ਦਾ ਵਾਦੂ ਖਰਚਾ ਹੋਇਆ। ਬਜਟ ਅਨੁਮਾਨਾਂ ਵਿੱਚ ਖਰਚੇ ਦੀ ਕਟੌਤੀ ਵਜੋਂ ਰਿਕਵਰੀ ਦੇ ਨਿਲ ਪ੍ਰਾਵਧਾਨ ਸੀ। ਸਾਲ 2021-22 ਵਿੱਚ 1,070 ਕਰੋੜ ਰੁਪਏ ਦੀ ਅਸਲ ਰਿਕਵਰੀ ਹੋਈ।

ਸਾਲ 2021-22 ਦੇ ਨਮਿੱਤਣ ਲੇਖੇ ਤੋਂ ਪਤਾ ਲਗਦਾ ਹੈ ਕਿ 1,26,570 ਕਰੋੜ ਰੁਪਏ ਦੇ ਕੁੱਲ ਖਰਚੇ ਵਿਚੋਂ 97,503 ਕਰੋੜ ਰੁਪਏ ਦਾ ਮਾਲੀਆ ਖਰਚਾ, 8,212 ਕਰੋੜ ਰੁਪਏ ਦਾ ਪੂੰਜੀਗਤ ਖਰਚਾ, 19,279 ਕਰੋੜ ਰੁਪਏ ਕਰਜ਼ਿਆ ਦੀ ਅਦਾਇਗੀ ਅਤੇ 1,576 ਕਰੋੜ ਰੁਪਏ ਰਾਜ ਸਰਕਾਰ ਦੁਆਰਾ ਉਧਾਰ ਅਤੇ ਪੇਸ਼ਗੀਆ ਤੇ ਖਰਚ ਹੋਏ। ਰਾਜ ਵਿਧਾਨ ਸਭਾ ਵੱਲੋਂ ਪਾਸ ਕੀਤੀ ਗਈ ਕੁਲ ਮੰਗਾ ਦੇ ਹਵਾਲੇ ਵਿੱਚ ਮਾਲੀਆ, ਪੂੰਜੀਗਤ, ਜਨਤਕ ਕਰਜੇ ਅਤੇ ਉਧਾਰ ਅਤੇ ਪੇਸ਼ਸਿਆਂ ਵਿੱਚ ਬਚਤਾਂ ਹੋਇਆਂ।

1.4 ਫੰਡਾਂ ਦੇ ਸਰੋਤ ਅਤੇ ਵਰਤੋਂ

1.4.1 ਉਪਾਅ ਅਤੇ ਸਾਧਨ ਪੇਸ਼ਗੀਆਂ

ਭਾਰਤੀ ਰਿਜ਼ਰਵ ਬੈਂਕ ਰਾਜ ਸਰਕਾਰਾਂ ਨੂੰ ਉਨ੍ਹਾਂ ਦੀ ਤਰਲਤਾ ਕਾਇਮ ਰੱਖਣ ਲਈ ਉਪਾਯ ਅਤੇ ਸਾਧਨ ਪੇਸ਼ਗੀਆਂ ਦੀ ਸਹੂਲਤ ਪਰਦਾਨ ਕਰਦਾ ਹੈ। ਸਹਿਮਤ ਹੋਏ ਘੱਟੋ ਘੱਟ ਨਕਦ ਬਕਾਏ ਜੋ ਕਿ 1.56 ਕਰੋੜ ਹੈ, ਤੋਂ ਘੱਟ ਬਕਾਯਾ ਹੋਣ ਤੇ ਓਵਰਡਰਾਫਟ ਸਵਿਧਾਵਾਂ ਦਿੱਤੀਆਂ ਜਾਂਦੀਆਂ ਹਨ। 31 ਮਾਰਚ 2022 ਨੂੰ ਉਪਾਅ ਤੇ ਸਾਧਨ ਦੀਆਂ ਪੇਸ਼ਗੀਆਂ ਵੱਜੋ ਕੋਈ ਰਕਮ ਬਕਾਇਆ ਨਹੀ ਸੀ। ਸਾਲ 2021-22 ਦੇ ਦੌਰਾਨ ਪੰਜਾਬ ਸਰਕਾਰ ਨੇ ਉਪਾਏ ਤੇ ਸਾਧਨ ਵੱਜੋ 10 ਮੌਕਿਆ ਤੇ 2,006 ਕਰੋੜ ਰੁਪਏ ਪ੍ਰਾਪਤ ਕੀਤੇ। ਜੋ ਕਿ 2021-22 ਦੌਰਾਨ ਅਦਾ ਕਰ ਦੀਤੇ ਜਿਸ ਕਰ ਕੇ ਨਿਲ ਬਕਾਯਾ ਬਚਿਆ। ਇੰਨ੍ਹਾਂ ਪੇਸ਼ਗੀਆਂ ਤੇ ਵਿਆਜ ਵੱਜੋਂ 0.38 ਕਰੋੜ ਰੁਪਏ ਦਾ ਭੁਗਤਾਨ ਕੀਤਾ।

ਸਾਲ 2021-22 ਦੌਰਾਨ ਸਰਕਾਰ ਨੇ ਕੋਈ ਸ਼ਾਰਟਫਾਲ / ਓਵਰਡਰਾਫਟ ਨਹੀਂ ਲਿੱਤਾ।

1.4.2 ਫੰਡ ਪ੍ਰਵਾਹ ਵੇਰਵਾ

ਰਾਜ ਦਾ 18,468 ਕਰੋੜ ਰੁਪਏ ਦਾ ਮਾਲੀਆ ਘਾਟਾ ਅਤੇ 27,847 ਕਰੋੜ ਰੁਪਏ ਦਾ ਵਿਤੀ ਘਾਟਾ ਕੁਲ ਰਾਜ ਘਰੇਲ ਉਤਪਾਦ*ਦਾ ਕ੍ਰਮਵਾਰ 3.16 ਪ੍ਰਤੀਸ਼ਤ ਅਤੇ 4.77 ਪ੍ਰਤੀਸ਼ਤ ਬਣਦਾ ਹੈ। ਵਿੱਤੀ ਘਾਟਾ ਕੁਲ ਖਰਚੇ ਦਾ 26 ਪ੍ਰਤੀਸ਼ਤ ਹੈ। ਇਸ ਘਾਟੇ ਦੀ ਪੂਰਤੀ ਸਾਰਵਜਨਿਕ ਕਰਜ਼ੇ (21,897 ਕਰੋੜ ਰੁਪਏ), ਸਾਰਵਜਨਿਕ ਲੇਖਿਆਂ ਵਿੱਚ ਵਾਧਾ (5,886 ਕਰੋੜ ਰੁਪਏ) ਅਤੇ ਮੁੱਢਲੀ ਬਾਕੀ ਨਿਰੋਲ (64 ਕਰੋੜ ਰੁਪਏ) ਨਾਲ ਕੀਤਾ ਗਿਆ। ਰਾਜ ਸਰਕਾਰ ਦੀ ਮਾਲੀਆ ਪ੍ਰਾਪਤੀਆਂ (78,168 ਕਰੋੜ ਰੁਪਏ) ਦਾ ਲਗਭਗ 77 ਪਰਤੀਸ਼ਤ ਪ੍ਰਤੀਬੱਧ ਖਰਚੇ ਜਿਵੇ ਤਨਖਾਹਾਂ (23,645 ਕਰੋੜ ਰੁਪਏ), ਵਿਆਜ ਅਦਾਇਗਿਆ (20,884 ਕਰੋੜ ਰੁਪਏ) ਅਤੇ ਪੈਨਸ਼ਨਾਂ (15.412 ਕਰੋੜ ਰੁਪਏ) ਤੇ ਖਰਚ ਕੀਤਾ ਗਿਆ ਹੈ।

ਫੰਡਾਂ ਦੇ ਸਰੋਤ ਅਤੇ ਵਰਤੋਂ

(ਰੁਪਏ ਕਰੋੜ ਵਿੱਚ)


ਵੇਰਵੇ	ਰਕਮ
ਮੁੱਢਲਾ ਨਕਦ ਬਕਾਇਆ 1.4.2021 ਨੂੰ	194
ਮਾਲੀਆ ਪ੍ਰਾਪਤੀਆਂ	78,168
ਕਰਜ਼ ਅਤੇ ਪੇਸ਼ਗੀਆਂ ਦੀ ਵਸੂਲੀ	207
ਸਾਰਵਜਨਿਕ ਕਰਜ਼	41,175
ਛੋਟੀਆਂ ਬਚਤਾਂ, ਪ੍ਰਾਵੀਡੈਂਟ ਫੰਡ ਆਦਿ	3,153
ਰਾਖਵੇਂ ਫੰਡ	3,503
ਪ੍ਰਾਪਤ ਜਮ੍ਹਾਂ	7,906
ਸਿਵਿਲ ਪੇਸ਼ਗੀ ਦਾ ਭੁਗਤਾਨ	..
ਉੱਚਤ ਲੇਖੇ	1,75,487
ਜਮ੍ਹਾਂ ਕਰਵਾਈਆਂ ਗਈਆਂ ਰਕਮਾਂ	52
ਅਚੇਤ ਨਿਧੀ	..
ਕੁੱਲ	3,09,845

ਸਰੋਤ


** ਭਾਰਤ ਸਕਰਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵੇਬਸਾਇਟ ਤੇ 31 ਮਈ 2022 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ 5,84,042 ਕਰੋੜ ਰੁਪਏ ਹੈ।*



1.4.3 ਰੁਪਏ ਦੀ ਆਮਦ ਕਿਥੋਂ ਹੋਈ



1.4.4 ਰੁਪਿਆ ਕਿਥੇ ਖਰਚ ਹੋਇਆ



1.5 ਘਾਟਾ ਅਤੇ ਵਾਧਾ

ਘਾਟਾ

ਘਾਟਾ ਪ੍ਰਾਪਤੀਆਂ ਅਤੇ ਖਰਚੇ ਦੇ ਅੰਤਰ ਨੂੰ ਦਰਸਾਉਂਦਾ ਹੈ। ਘਾਟੇ ਦੀ ਕਿਸਮ ਘਾਟੇ ਦੀ ਭਰਪਾਈ ਅਤੇ ਫੰਡਾਂ ਦੀ ਵਰਤੋਂ ਆਰਥਿਕ ਪ੍ਰਬੰਧਨ ਦੇ ਜਰੂਰੀ ਸੂਚਕ ਹਨ।

ਮਾਲੀਆ ਘਾਟਾ/ਵਾਧਾ

ਮਾਲੀਆ ਪ੍ਰਾਪਤੀਆਂ ਅਤੇ ਮਾਲੀਆ ਖਰਚ ਦੇ ਅੰਤਰ ਨੂੰ ਦਰਸਾਉਂਦਾ ਹੈ। ਮਾਲੀਆ ਖਰਚਾ ਸਰਕਾਰੀ ਅਮਲਾ ਚਲਾਉਣ ਲਈ ਜਰੂਰੀ ਹੈ ਅਤੇ ਇਹ ਮਾਲੀਆ ਪ੍ਰਾਪਤੀਆਂ ਤੋਂ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਵਿਤੀ ਘਾਟਾ/ਵਾਧਾ

ਕੁਲ ਪ੍ਰਾਪਤੀਆਂ (ਦੇਣਦਾਰੀਆਂ ਅਤੇ ਉਧਾਰ ਛੱਡ ਕੇ) ਅਤੇ ਕੁਲ ਖਰਚ ਦੇ ਅੰਤਰ ਨੂੰ ਦਰਸਾਉਂਦਾ ਹੈ। ਕਿਸ ਹੱਦ ਤੱਕ ਖਰਚ ਨੂੰ ਉਧਾਰ ਲੈ ਕੇ ਪੂਰਾ ਕੀਤਾ ਗਿਆ ਇਸ ਤੱਥ ਨੂੰ ਦਰਸਾਉਂਦਾ ਹੈ। ਉਧਾਰ ਰਾਸ਼ੀਆਂ ਨੂੰ ਪੂੰਜੀਗਤ ਯੋਜਨਾਵਾਂ ਤੇ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ।

1.5.1 ਪਿਛਲੇ ਪੰਜ ਸਾਲਾਂ ਦੌਰਾਨ ਮਾਲੀਆ ਘਾਟਾ/ਵਾਧਾ ਅਤੇ ਵਿੱਤੀ ਘਾਟੇ ਦਾ ਰੁਝਾਨ ਹੇਠ ਅਨੁਸਾਰ ਹੈ :


(ਰੁਪਏ ਕਰੋੜ ਵਿੱਚ)

ਸਾਲ	ਜੀ ਐਸ ਡੀ ਪੀ (i)	ਮਾਲੀਆ ਘਾਟਾ	ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ	ਵਿਤੀ ਘਾਟਾ	ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ
2017-18	4,71,014	9,455	2.01	12,494	2.65
2018-19	5,12,510	13,135	2.56	16,059	3.13
2019-20	5,37,031	14,285	2.66	16,826	3.13
2020-21	5,32,555	17,297	3.25	22,585	4.24
2021-22	5,84,042	18,468	3.16	27,847	4.77

ਨੋਟ :

(i) ਸਾਲ 2021-22 ਤੱਕ ਦਾ ਸਕਲ ਰਾਜ ਘਰੇਲੂ ਉਤਪਾਦ ਪੰਜਾਬ ਸਰਕਾਰ ਦੇ ਆਰਥਿਕ ਅਤੇ ਆਂਕੜਾ ਸੰਸਥਾ ਦੁਆਰਾ ਦਿੱਤੇ ਗਏ ਆਂਕੜਿਆਂ ਤੇ ਅਧਾਰਿਤ ਸੀ ਜਦੋਂ ਕਿ 2017-18 ਦੇ ਅਨੁਮਾਨਿਤ ਸਕਲ ਰਾਜ ਘਰੇਲੂ ਉਤਪਾਦ ਦੀ ਕੀਮਤ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਦਿਨਾਂਕ 28 ਅਗਸਤ 2017 ਦੁਆਰਾ ਦਰਸ਼ਾਈ ਗਈ ਹੈ।

ਮਾਲੀਆ ਘਾਟਾ ਅਤੇ ਵਿੱਤੀ ਘਾਟਾ



1.5.2 ਪੰਜਾਬ ਵਿੱਤੀ ਜਿੰਮੇਦਾਰੀ ਅਤੇ ਬੱਜਟ ਪ੍ਰਬੰਧਣ (PFRBM) ਅਧਿਨਿਯਮ

1.5.2.1 ਪੰਜਾਬ ਸਰਕਾਰ ਦੇ ਮੌਜੂਦਾ FRBM ਅਧਿਨਿਯਮ 2003 ਮੁਤਾਬਿਕ ਪੰਜਾਬ ਸਰਕਾਰ ਨੇ ਸਾਲ 2021-22 ਦੇ ਮਿਡਅਮ ਟਰਮ ਵਿੱਤੀ ਯੋਜਨਾਵਾਂ ਅਤੇ ਸਟੇਟੇਜੀ ਸਟੇਟਮੈਂਟ ਰਾਜ ਸਰਕਾਰ ਦੇ ਬਜਟ ਨਾਲ ਪੇਸ਼ ਕੀਤੀ।

ਏਕਟ ਵਿੱਚ ਦਿੱਤੇ ਗਏ ਟੀਚੇ ਅਤੇ ਲੇਖਿਆ ਦੇ ਅਨੁਸਾਰ ਸਰਕਾਰ ਦੀ ਕਾਰਗੁਜਾਰੀ ਹੇਠ ਲਿਖੇ ਅਨੁਸਾਰ ਹੈ :

ਵਿਧਾਨ ਸਭਾ ਵਿੱਚ ਬਜਟ ਪੇਸ਼ ਕਰਨ ਸਮੇ ਰਾਜ ਸਰਕਾਰ ਦੁਆਰਾ ਪੀ.ਐਫ.ਆਰ.ਬੀ.ਐਮ ਐਕਟ ਰੁਲਾਂ ਦੇ ਅਨੁਸਾਰ ਮਿੱਥੇ ਟੀਚਿਆਂ ਅਤੇ ਸਰਕਾਰ ਦੀ ਕਾਰਗੁਜਾਰੀ ਦੀ ਸਥਿਤੀ ਪੇਸ਼ ਕਰਨੀ ਬਣਦੀ ਹੈ। ਇਸ ਸੰਧਰਭ ਵਿੱਚ ਲੇਖਾ ਪਧਤੀ, ਨੀਤੀਆਂ ਅਤੇ ਕਾਰਜ ਪ੍ਰਣਾਲੀ ਵਿੱਚ ਮਹਤਵਪੂਰਨ ਤਬਦੀਲੀਆ ਜੇ ਨਿਰਧਾਰਤ ਵਿੱਤੀ ਸੁਚਕਾ ਨੂੰ ਪ੍ਰਭਾਵਿਤ ਕਰਨ ਜਾ ਕਰ ਸਕਦੀਆ ਹੋਣ, ਦੇ ਬਾਰੇ ਕੋਈ ਖੁਲਾਸਾ ਨਹੀ ਕੀਤਾ ਗਿਆ।

1.5.2.2 ਸਾਲ 2021-22 ਵਿੱਚ ਪੰਜਾਬ ਸਰਕਾਰ ਦੇ ਲੇਖਿਆ ਦੀ ਨਿਪੁੰਨਤਾ ਦਾ ਪਤਾ ਪੀ.ਐਫ.ਆਰ.ਬੀ.ਐਮ. ਐਕਟ ਅਤੇ ਰੁਲਾਂ ਦੇ ਅਨੁਸਾਰ ਸਿਖੇ ਅਧਿਨਿਯਮ ਦੁਆਰਾ ਮਿਥੇ (ਨਿਰਧਾਰਿਤ) ਟੀਚਿਆਂ ਤੋਂ ਲਗਦਾ ਹੈ ਜੋ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਅਤੇ ਉਧਾਰ ਨੂੰ ਹੇਠ ਲਿਖੇ ਅਨੁਸਾਰ ਦਰਸਾਉਂਦਾ ਹੈ :-

ਲੜੀ ਨੰ:	ਵਿੱਤੀ ਪੈਮਾਨੇ	ਅਸਲ ਖਰਚਾ (ਰੁਪਏ ਕਰੋੜ ਵਿੱਚ)	ਵਿਤੀ ਸੂਚਕਾਂਕ ਪੈਮਾਨੇ ਦੀ ਸਕਲ ਰਾਜ ਘਰੇਲੂ ਉਤਪਾਦ ਨਾਲ ਪ੍ਰਤੀਸ਼ਤਤਾ *	
			ਟੀਚੇ	ਪ੍ਰਾਪਤੀ
1.	ਮਾਲੀਆ ਘਾਟਾ	18,468	0.00	3.16
2.	ਵਿੱਤੀ ਘਾਟਾ	27,847	4.00	4.77

* ਸਕਲ ਰਾਜ ਘਰੇਲੂ ਉਤਪਾਦ ਦੀ ਕੀਮਤ 5,84,042 ਕਰੋੜ ₹ ਭਾਰਤ ਸਰਕਾਰ ਦੇ ਆਂਕੜਾ ਅਤੇ ਪ੍ਰੋਗ੍ਰਾਮ ਲਾਗੂਕਰਨ ਵਾਲੇ ਮੰਤਰਾਲੇ ਨਵੀਂ ਦਿੱਲੀ ਦੀ ਵੇਬਸਾਇਟ ਤੇ 31 ਮਈ 2022 ਨੂੰ ਦਰਸਾਈ ਗਈ ਹੈ।

** ਵਿਤੀ ਘਾਟੇ ਨੂੰ 3.5 ਪ੍ਰਤੀਸ਼ਤ ਅਤੇ ਅਡੀਸ਼ਨਲ 0.5 ਪ੍ਰਤੀਸ਼ । ਰਾਜ ਸਰਕਾਰ ਦੁਆਰਾ ਕੀਤੇ ਗਏ ਮਾਲੀਆ ਖਰਚੇ ਹਨ ਮੁਖ ਰਖਦੇ ਹੋਏ ਸੀਮਤ ਰਖਿਆ ਜਾਵੇਗਾ।

1.5.2.3 ਵਿੱਤੀ ਘਾਟੇ ਦੀ 2021-22 ਦੇ ਸਕਲ ਰਾਜ ਘਰੇਲੂ ਉਤਪਾਦ ਦੇ 4.00 ਪ੍ਰਤੀਸ਼ਤ ਸੀਮਾਂ ਦੇ ਅਧਾਰ ਤੇ ਪੰਜਾਬ ਸਰਕਾਰ ਦੀ ਨਿਰੋਲ ਉਧਾਰ ਦੇਣਦਾਰੀ (borrowing) ਸੀਮਾ 23,262 ਕਰੋੜ ਰੁਪਏ ਨਿਰਧਾਰਿਤ ਕੀਤੀ ਗਈ। ਫੇਰ ਵੀ 2021-22 ਵਿੱਚ ਨਿਰੋਲ ਉਧਾਰੀ 23,741 ਕਰੋੜ ਰੁਪਏ ਰਹੀ, ਜਿਹੜੀ ਨਿਰਧਾਰਿਤ ਟੀਚੇ ਦੇ ਅੰਦਰ ਸੀ। ਜਿਸ ਵਿੱਚ 12,132 ਕਰੋੜ ਰੁਪਏ ਭਾਰਤ ਸਰਕਾਰ ਦੁਆਰਾ GST ਕੰਪਨਸੇਸ਼ਨ ਵਿੱਚ ਸ਼ਾਰਟਫਾਲ ਲਈ ਦਿਤਾ ਗਿਆ ਲੋਨ ਸ਼ਾਮਿਲ ਹੈ।

ਅਧਿਆਇ II

ਪ੍ਰਾਪਤੀਆਂ

2.1 ਭੂਮਿਕਾ

ਸਰਕਾਰ ਦੀਆਂ ਪ੍ਰਾਪਤੀਆਂ ਨੂੰ ਮਾਲੀਆ ਪ੍ਰਾਪਤੀਆਂ ਅਤੇ ਪੂੰਜੀਗਤ ਪ੍ਰਾਪਤੀਆਂ ਵਿੱਚ ਵੰਡਿਆ ਗਿਆ ਹੈ। ਸਾਲ 2021-22 ਵਿੱਚ ਕੁਲ 1,06,222 ਕਰੋੜ ਰੁਪਏ ਦੀਆਂ ਪ੍ਰਾਪਤੀਆਂ ਹੋਈਆਂ।

2.2 ਮਾਲੀਆ ਪ੍ਰਾਪਤੀਆਂ

ਕਰ ਆਮਦਨ

ਕਰ ਸਰਕਾਰ ਦੁਆਰਾ ਵਸੂਲੇ ਅਤੇ ਸੰਭਾਲੇ ਜਾਂਦੇ ਹਨ। ਸੰਵਿਧਾਨ ਦੀ ਧਾਰਾ 280(3) ਅਧੀਨ ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ ਹੁੰਦਾ ਹੈ।

ਗੈਰ- ਕਰ ਆਮਦਨ

ਵਿਆਜ ਪ੍ਰਾਪਤੀਆਂ, ਲਾਭ-ਅੰਸ਼ ਅਤੇ ਲਾਭ ਆਦਿ ਸ਼ਾਮਿਲ ਹੁੰਦਾ ਹੈ।

ਅਨੁਦਾਨ ਸਹਾਇਤਾ


ਕੇਂਦਰੀ ਸਰਕਾਰ ਵਲੋਂ ਰਾਜ ਸਰਕਾਰ ਨੂੰ ਕੇਂਦਰੀ ਸਹਾਇਤਾ। ਇਸ ਵਿੱਚ ਵਿਦੇਸ਼ਾਂ ਤੋਂ ਪ੍ਰਾਪਤ ਬਾਹਰ ਅਨੁਦਾਨ ਸਹਾਇਤਾ, ਸਹਾਇਤਾ, ਸਮਾਨ ਅਤੇ ਉਪਕਰਣ ਸ਼ਾਮਿਲ ਹਨ ਜੋ ਕਿ ਕੇਂਦਰ ਸਰਕਾਰ ਦੁਆਰਾ ਦਿਤੇ ਜਾਂਦੇ ਹਨ। ਇਸਤੋਂ ਇਲਾਵਾ ਰਾਜ ਸਰਕਾਰ ਸੰਸਥਾਵਾਂ ਨੂੰ ਜਿਵੇਂ ਕਿ ਪੰਚਾਇਤੀ ਰਾਜ ਸੰਸਥਾਵਾਂ ਅਤੇ ਖੁਦਮੁਖਤਾਰ ਸੰਸਥਾਵਾਂ ਨੂੰ ਅਨੁਦਾਨ ਸਹਾਇਤਾ ਦਿੰਦੀ ਹੈ।

2.2.1 ਮਾਲੀਆ ਪ੍ਰਾਪਤੀਆਂ ਦੇ ਹਿੱਸੇ (2021-22)

(ਰੁਪਏ ਕਰੋੜ ਵਿੱਚ)

ਹਿੱਸੇ	ਅਸਲ
ੳ. ਕਰ ਆਮਦਨ	**52,615**
ਵਸਤੂ ਅਤੇ ਸੇਵਾ ਟੈਕਸ	20,122
ਆਮਦਨ ਅਤੇ ਖਰਚੇ ਤੇ ਕਰ	9,032
ਜਾਇਦਾਦ ਅਤੇ ਪੂੰਜੀਗਤ ਲੈਣ-ਦੇਣ ਤੇ ਕਰ	3,393
ਵਸਤਾਂ ਅਤੇ ਸੇਵਾਵਾਂ ਦੇ ਕਰ	20,068
ਅ. ਗੈਰ ਕਰ ਆਮਦਨ	**4,784**
ਵਿਆਜ ਪ੍ਰਾਪਤੀਆਂ, ਲਾਭ ਅੰਸ਼ ਅਤੇ ਲਾਭ ਆਦਿ	188
ਆਮ ਸੇਵਾਵਾਂ	2,783
ਸਮਾਜਿਕ ਸੇਵਾਵਾਂ	988
ਆਰਥਿਕ ਸੇਵਾਵਾਂ	825
ੲ. ਅਨੁਦਾਨ ਸਹਾਇਤਾ ਅਤੇ ਅੰਸ਼ਦਾਨ	20,769
ਕੁੱਲ	78,168

ਮਾਲੀਆ ਪ੍ਰਾਪਤੀਆਂ ਦੇ ਹਿੱਸੇ



2.2.2 ਮਾਲੀਆ ਪ੍ਰਾਪਤੀਆਂ ਦਾ ਰੁਝਾਨ


(ਰੁਪਏ ਕਰੋੜ ਵਿੱਚ)

ਹਿੱਸੇ	2017-18	2018-19	2019-20	2020-21	2021-22
ਕਰ ਆਮਦਨ	41,040 (9)	43,580 (8)	40,341 (7)	40,691 (8)	52,615 (9)
ਗੈਰ ਕਰ ਆਮਦਨ	4,319 (1)	7,582 (1)	6,654 (1)	4,152 (1)	4,784 (1)
ਅਨੁਦਾਨ ਸਹਾਇਤਾ	7,651 (2)	11,107 (2)	14,580 (3)	24,205 (4)	20,769 (3)
ਕੁੱਲ ਮਾਲੀਆ ਪ੍ਰਾਪਤੀਆਂ	**53,010 (11)**	**62,269 (11)**	**61,575 (11)**	**69,048 (13)**	**78,168 (13)**
ਸਕਲ ਰਾਜ ਘਰੇਲੂ ਉਤਪਾਦ (i)	**4,71,014**	**5,12,510**	**5,37,031**	**5,32,555**	**5,84,042**

ਨੋਟ : (i) ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ।
(ii) ਬਰੈਕਟ ਵਿਚਲੇ ਆਂਕੜੇ ਸਕਲ ਰਾਜ ਘਰੇਲੂ ਉਤਪਾਦ ਦੇ ਅਨੁਸਾਰ ਦੀ ਪ੍ਰਤਿਸ਼ਤ ਦਰਸਾਉਂਦੇ ਹਨ।

ਸਕਲ ਰਾਜ ਘਰੇਲੂ ਉਤਪਾਦ ਸਾਲ 2021-22 ਦੇ ਮੁਕਾਬਲੇ 2021-22 ਵਿੱਚ 10 ਪ੍ਰਤੀਸ਼ਤ ਵਦਿੱਆ ਜਦੋਂ ਕਿ ਮਾਲੀਆ ਪ੍ਰਾਪਤੀਆਂ ਪਿਛਲੇ ਸਾਲ ਦੇ ਮੁਕਾਬਲੇ 13 ਪ੍ਰਤੀਸ਼ਤ ਵਧੀਆਂ।

ਮਾਲੀਆ ਪ੍ਰਾਪਤੀਆਂ ਦਾ ਰੁਝਾਨ




2.3 ਕਰ ਆਮਦਨ

(ਰੁਪਏ ਕਰੋੜ ਵਿੱਚ)

ਉਪ ਖੇਤਰ ਵਾਰ ਕਰ ਆਮਦਨ					
ਉਪ ਖੇਤਰ	2017-18	2018-19	2019-20	2020-21	2021-22
ਵਸਤੂ ਅਤੇ ਸੇਵਾ ਕਰ	9,125	16,474	15,687	14,998	20,122
ਆਮਦਨ ਅਤੇ ਖਰਚ ਤੇ ਕਰ	6,000	7,369	6,430	6,616	9,032
ਜਾਇਦਾਦ ਅਤੇ ਪੂੰਜੀਗਤ ਲੇਣ ਦੇਣ ਤੇ ਕਰ	2,226	2,368	2,324	2,538	3,393
ਵਸਤਾਂ ਅਤੇ ਸੇਵਾਵਾਂ ਤੇ ਕਰ	23,689	17,369	15,900	16,539	20,068
ਕੁਲ ਕਰ ਆਮਦਨ	**41,040**	**43,580**	**40,341**	**40,691**	**52,615**

ਉਪ-ਖੇਤਰ ਵਾਰ ਕਰ ਆਮਦਨ ਦਾ ਰੁਝਾਨ



2.3.1 ਰਾਜ ਦੀ ਆਪਣੀ ਕਰ ਆਮਦਨ ਵਸੂਲੀ ਦਾ ਨਿਸ਼ਪਾਦਨ

ਰਾਜ ਸਰਕਾਰ ਦੇ ਕਰ ਆਮਦਨ ਦੇ ਦੋ ਸਰੋਤ ਹਨ ਜਿਵੇਂ ਰਾਜ ਦੀ ਆਪਣੀ ਕਰ ਵਸੂਲੀ ਅਤੇ ਕੇਂਦਰੀ ਕਰਾਂ ਦੀ ਵੰਡ

(₹ in crore)

	ਸਕਲ ਰਾਜ ਘਰੇਲੂ ਉਤਪਾਦ*	ਰਾਜ ਦੀ ਆਪਣੀ ਕਰ ਆਮਦਨ			
		ਕਰ ਆਮਦਨ	ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ	ਰਕਮ	ਸਕਲ ਰਾਜ ਘਰੇਲੂ ਉਤਪਾਦ ਦੀ ਪ੍ਰਤੀਸ਼ਤਤਾ
2017-18	4,71,014	41,040	10,617	30,423	6
2018-19	5,12,510	43,580	12,005	31,575	6
2019-20	5,37,031	40,341	10,346	29,995	6
2020-21	5,32,555	40,691	10,638	30,053	6
2021-22	5,84,042	52,615	15,288	37,327	6

* *ਪੈਰਾ 1.5.1 ਦੇ ਨੀਚੇ ਨੋਟ ਅਨੁਸਾਰ*

2.4 ਕਰ ਵਸੂਲੀ ਦੀ ਕਾਰਜਕੁਸ਼ਲਤਾ

ਉ. ਜਾਇਦਾਦ ਅਤੇ ਪੂੰਜੀਗਤ ਲੇਣ ਦੇਣ ਤੇ ਕਰ

(ਰੁਪਏ ਕਰੋੜ ਵਿੱਚ)

ਹਿੱਸੇ	2017-18	2018-19	2019-20	2020-21	2021-22
ਮਾਲੀਆ ਵਸੂਲੀ	2,226	2,368	2,325	2,538	3,393
ਵਸੂਲੀ ਦੇ ਖਰਚ	228	216	190	173	194
ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਸਤਾ	*10*	*9*	*8*	*7*	*6*

ਅ. ਵਸਤਾਂ ਅਤੇ ਸੇਵਾਵਾਂ ਤੇ ਕਰ

(ਰੁਪਏ ਕਰੋੜ ਵਿੱਚ)

ਹਿੱਸੇ	2017-18	2018-19	2019-20	2020-21	2021-22
ਮਾਲੀਆ ਵਸੂਲੀ	23,689	17,369	15,899	16,539	20,068
ਵਸੂਲੀ ਦੇ ਖਰਚ	191	202	227	250	264
ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਸਤਾ	*1*	*1*	*1*	*2*	*1*

2.5 ਕੇਂਦਰੀ ਕਰਾਂ/ਡਿਉਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਨ

(ਰੁਪਏ ਕਰੋੜ ਵਿੱਚ)


ਹਿੱਸੇ	2017-18	2018-19	2019-20	2020-21	2021-22
ਕੇਂਦਰੀ ਵਸਤੂ ਅਤੇ ਸੇਵਾ ਕਰ	152	2,964	2,936	3,179	4,580
ਇੰਟੀਗ੍ਰੇਟਿਡ ਵਸਤੂ ਅਤੇ ਸੇਵਾ ਕਰ	1,072	237	..	..	..
ਨਿਗਮ ਕਰ	3,253	4,177	3,527	3,197	4,162
ਨਿਗਮ ਕਰਾਂ ਤੋਂ ਇਲਾਵਾ ਆਮਦਨ ਤੇ ਕਰ	2,747	3,076	2,764	3,276	4,714
ਸੰਪਤੀ ਤੇ ਕਰ	..	22	..	..	..
ਕੇਂਦਰੀ ਕਰਾਧਾਨ ਕਰ	..	1	..	..	1
ਕੇਂਦਰੀ ਆਬਕਾਰੀ ਕਰ	1,072	851	656	577	1,091
ਸੇਵਾ ਕਰ	1,120	566	456	359	557
ਵਸਤਾਂ ਅਤੇ ਸੇਵਾਵਾਂ	1,201	109	..	43	167
ਤੇ ਹੋਰ ਕਰ	..	2	7	7	16
ਕੇਂਦਰੀ ਕਰਾਂ ਵਿੱਚ ਰਾਜ ਦਾ ਕੁੱਲ ਹਿੱਸਾ	**10,617**	**12,005**	10,346	**10,638**	**15,228**
ਕੁੱਲ ਕਰ ਆਮਦਨ	**41,040**	**43,580**	40,341	**40,691**	**52,615**
ਕੁਲ ਕਰ ਆਮਦਨ ਵਿੱਚ ਕੇਂਦਰੀ ਕਰਾਂ ਦੀ ਪ੍ਰਤੀਸ਼ਸਤਾ	*26*	*28*	*26*	*26*	29

2.6 ਅਨੁਦਾਨ ਸਹਾਇਤਾ

ਅਨੁਦਾਨ ਸਹਾਇਤਾ ਭਾਰਤ ਸਰਕਾਰ ਵਲੋਂ ਪ੍ਰਾਪਤ ਸਹਾਇਤਾ ਨੂੰ ਦਰਸਾਉਂਦੀ ਹੈ, ਇਸ ਵਿਚ ਕੇਦਰ ਪ੍ਰਯੋਜਿਤ ਯੋਜਨਾ ਸਕੀਮਾਂ ਦੀਆਂ ਗ੍ਰਾਂਟ ਕੇਂਦਰ ਪ੍ਰਯੋਜਿਤ ਸਕੀਮਾ ਵਿੱਤ ਜਮੀਸ਼ਨ ਗ੍ਰਾਂਟਾ ਅਤੇ ਹੋਰ ਤਬਦੀਲੀ / ਗ੍ਰਾਂਟਾ ਸਾਮਿਲ ਹਨ। ਸਾਲ 2021-22 ਵਿਚ ਕੁੱਲ 20,769 ਕਰੋੜ ਰੁਪਏ ਦੀ ਅਨੁਦਾਨ ਸਹਾਇਤਾ ਪ੍ਰਾਪਤ ਹੋਈ ਜਿਸਦਾ ਵੇਰਵਾ ਹੇਠਾਂ ਦਿਤਾ ਗਿਆ ਹੈ :

(ਰੁਪਏ ਕਰੋੜ ਵਿੱਚ)

ਹਿੱਸੇ	ਰਕਮ
ਕੇਂਦਰ ਪ੍ਰਯੋਜਿਤ ਯੋਜਨਾ ਸਕੀਮਾਂ	(-)4
ਕੇਂਦਰ ਪ੍ਰਯੋਜਿਤ ਸਕੀਮਾਂ	3,678
ਵਿੱਤ ਕਮੀਸ਼ਨ ਗ੍ਰਾਂਟ	12,436
ਹੋਰ ਤਬਦੀਲੀ/ਰਾਜ ਨੂੰ ਸਹਾਇਤਾ/ਸੰਘ ਖੇਤਰ ਵਿਧਾਨ ਸਭਾ	4,659
ਕੁਲ ਅਨੁਦਾਨ ਸਹਾਇਤਾ	**20,769**




2.7 ਸਾਰਵਜਨਿਕ ਕਰਜ਼ੇ

(ਰੁਪਏ ਕਰੋੜ ਵਿੱਚ)

ਸਾਲ	2017-18	2018-19	2019-20	2020-21	2021-22
ਅੰਦਰੂਨੀ ਕਰਜ਼ੇ	10,905	13,387	15,490	20,732	9,803
ਕੇਂਦਰੀ ਕਰਜ਼ੇ	125	940	-288	8,329	12,094
ਕੁੱਲ	11,030	14,327	15,202	29,061	21,897

ਨੋਟ : ਮਨਫੀ ਰਕਮ ਪ੍ਰਾਪਤੀਆਂ ਨਾਲੋਂ ਅਦਾਇਗੀ ਦੇ ਵੱਧ ਨੂੰ ਦਰਸਾਉਂਦੀ ਹੈ।




ਸਾਲ 2021-22 ਦੌਰਾਨ ਕੁੱਲ 25,814 ਕਰੋੜ ਰੁਪਏ ਦੇ ਕੁਲ 13 ਮਾਰਕੀਟ ਕਰਜੇ ਲਿੱਤੇ ਗਏ ਜਿਨਾਂ ਦੀ ਵਿਆਜ ਦਰ 6.81 ਪਤੀਸ਼ਤ ਤੋਂ 7.41 ਪ੍ਰਤੀਸ਼ਤ ਹੈ, ਜਿਨਾਂ ਦੀ ਮਿਆਦ ਸਾਲ 2031 ਤੋਂ 2033, 2036, 2037 ਅਤੇ 2042 ਵਿੱਚ ਪੂਰੀ ਹੋਨਗੀ।

ਸਾਲ 2021-22 ਵਿੱਚ ਰਾਜ ਸਰਕਾਰ ਨੇ 28,590 ਕਰੋੜ ਰੁਪਏ ਦੇ ਅੰਦਰੂਨੀ ਕਰਜ਼ੇ ਅਤੇ 12,585 ਕਰੋੜ ਰੁਪਏ ਦੇ ਕੇਂਦਰ ਤੋਂ ਕਰਜ਼ੇ ਦੇ ਵਿਰੁੱਧ ਪੂੰਜੀਗਤ ਖਰਚਾ ਸਿਰਫ 8,010 ਕਰੋੜ ਰੁਪਏ (ਕੁੱਲ ਕਰਜ਼ੇ ਦਾ 19 ਪ੍ਰਤੀਸ਼ਤ) ਹੀ ਕੀਤਾ ਗਿਆ। ਇਸਤੋਂ ਪਤਾ ਲਗਦਾ ਹੈ ਕਿ ਸਾਰਵਜਨਿਕ ਕਰਜ਼ੇ ਬਿਨਾ ਪਰਗਤੀ ਵਾਲੇ ਕੰਮ ਲਈ ਹੀ ਵਰਤੇ ਗਏ।

2.7.1 ਪੂੰਜੀਗਤ ਖਰਚੇ ਤੇ ਉਧਾਰ ਲਏ ਫੰਡਾਂ ਵਿੱਚ ਅਨੁਪਾਤ

(ਰੁਪਏ ਕਰੋੜ ਵਿੱਚ)

ਸਾਲ	ਉਧਾਰ ਲਏ ਫੰਡ	ਪੂੰਜੀਗਤ ਖਰਚਾ
2017-18	45,999	2,352
2018-19	52,098	2,412
2019-20	54,776	17,828
2020-21	63,695	4,382
2021-22	41,175	8,010



ਆਰਥਿਕ ਅਤੇ ਸਮਾਜਿਕ ਢਾਂਚੇ ਦੀ ਰਚਨਾ/ਬਣਤਰ ਲਈ ਪੂੰਜੀ/ਸੰਪਤੀ ਲਈ ਆਮ ਤੌਰ ਤੇ ਸਰਕਾਰਾਂ ਵਿੱਤੀ ਘਾਟੇ ਜਾਂ ਉਧਾਰ ਫੰਡਾਂ ਨੂੰ ਚਾਲੂ ਰਖਦੀਆਂ ਹਨ। ਪੂੰਜੀਗਤ ਸੰਪਤੀ ਬਨਾਉਣ ਲਈ ਉਧਾਰ ਫੰਡਾਂ ਦਾ ਪੂਰਾ ਪ੍ਰਯੋਗ ਹੋਣਾ ਚਾਹੀਦਾ ਹੈ ਅਤੇ ਮਾਲੀਆ ਪ੍ਰਾਪਤੀਆਂ ਦਾ ਪ੍ਰਯੋਗ ਮੂਲ ਅਤੇ ਵਿਆਜ ਦੀ ਅਦਾਇਗੀ ਲਈ ਹੋਣਾ ਚਾਹੀਦਾ ਹੈ। ਫਿਰ ਵੀ ਸਰਕਾਰ ਨੇ ਇਸ ਸਾਲ 41,175 ਕਰੋੜ ਰੁਪਏ ਦੇ ਉਧਾਰ ਵਿੱਚੋਂ ਸਿਰਫ 8,010 ਕਰੋੜ (19 ਪ੍ਰਤੀਸ਼ਤ) ਪੂੰਜੀਗਤ ਖਰਚਾ ਕੀਤਾ। ਇਸਤੋਂ ਜਾਪਦਾ ਹੈ ਕਿ ਸਰਵਜਨਿਕ ਕਰਜੇ ਦਾ 81 ਪ੍ਰਤੀਸ਼ਤ 33,165 ਕਰੋੜ ਰੁਪਏ ਪਿਛਲੇ ਸਾਲ ਦੇ ਸਰਵਜਨਿਕ ਕਰਜੇ ਦੇ ਮੂਲ ਤੇ ਵਿਆਜ ਦੀ ਅਦਾਇਗੀ ਲਈ ਅਤੇ ਇਸ ਸਾਲ ਦੇ ਖਰਚੇ ਅਤੇ ਪ੍ਰਾਪਤੀਆਂ ਦੇ ਘਾਟੇ ਨੂੰ ਦਰੁਸਤ ਕਰਨ ਲਈ ਖਰਚ ਕੀਤਾ।

ਅਧਿਆਇ III

ਖਰਚੇ

3.1 ਭੂਮਿਕਾ

ਖਰਚ ਨੂੰ ਮਾਲੀਆ ਅਤੇ ਪੂੰਜੀਗਤ ਖਰਚ ਵਿੱਚ ਵੰਡਿਆ ਗਿਆ ਹੈ। ਮਾਲੀਆ ਖਰਚ ਸੰਗਠਨਾਂ ਦੇ ਹਰ ਰੋਜ਼ ਦੇ ਖਰਚਿਆਂ ਦੀ ਪੂਰਤੀ ਲਈ ਹੁੰਦਾ ਹੈ। ਪੂੰਜੀਗਤ ਖਰਚਾ ਸਥਾਈ ਸੰਪਦਾ ਪੈਦਾ ਕਰਨ ਲਈ ਜਾਂ ਸਥਾਈ ਸੰਪਦਾਵਾਂ ਦਾ ਉਪਯੋਗ ਵਧਾਉਣ ਲਈ ਜਾ ਸਥਾਈ ਦੇਣਦਾਰੀਆਂ ਨੂੰ ਘਟਾਉਣ ਲਈ ਕੀਤਾ ਜਾਂਦਾ ਹੈ।

ਆਮ ਸੇਵਾਵਾਂ — ਆਮ ਸੇਵਾਵਾਂ ਵਿੱਚ ਨਿਆਂ, ਪੁਲੀਸ, ਜੇਲ, ਪੀ ਡਬਲਯੂ ਡੀ ਪੈਨਸ਼ਨ ਆਦਿ ਸ਼ਾਮਲ ਹਨ।

ਸਮਾਜਿਕ ਸੇਵਾਵਾਂ — ਸਮਾਜਿਕ ਸੇਵਾਵਾਂ ਵਿੱਚ ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਪਾਣੀ ਸਪਲਾਈ ਅਤੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੀ ਭਲਾਈ ਅਦਿ ਸ਼ਾਮਲ ਹੈ।

ਆਰਥਿਕ ਸੇਵਾਵਾਂ — ਆਰਥਿਕ ਸੇਵਾਵਾਂ ਵਿੱਚ ਖੇਤੀਬਾੜੀ, ਪੇਂਡੂ ਵਿਕਾਸ, ਸਿੰਚਾਈ, ਸਹਿਕਾਰਤਾ, ਊਰਜਾ, ਉਦਯੋਗ, ਟ੍ਰਾਂਸਪੋਰਟ ਆਦਿ ਸ਼ਾਮਲ ਹਨ।

3.2 ਮਾਲੀਆ ਖਰਚਾ

ਸਾਲ 2021-22 ਵਿੱਚ 96,636 ਕਰੋੜ ਰੁਪਏ ਦਾ ਮਾਲੀਆ ਖਰਚ ਹੋਇਆ ਜੋ ਕਿ ਬਜ਼ਟ ਅਨੁਮਾਨਾਂ ਤੋਂ 7,244 ਕਰੋੜ ਰੁਪਏ ਘਟ ਹੋਇਆ।

ਮਾਲੀਆ ਸੈਕਸ਼ਨ ਵਿੱਚ ਬਜਟ ਅਨੁਮਾਨ ਦੇ ਮੁਕਾਬਲੇ ਖਰਚ ਵਿੱਚ ਅੰਤਰ ਦਾ ਪਿਛਲੇ 5 ਸਾਲਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:

(ਰੁਪਏ ਕਰੋੜ ਵਿੱਚ)


ਹਿੱਸੇ	2017-18	2018-19	2019-20	2020-21	2021-22
ਬਜਟ ਅਨੁਮਾਨ	74,865	86,351	90,197	95,716	1,03,880
ਅਸਲ ਖਰਚ	62,465	75,404	75,859	86,345	96,636
ਅੰਤਰ	12,400	10,947	14,337	9,371	7,244
ਬਜਟ ਅਨੁਮਾਨਾਂ ਤੇ ਅੰਤਰ ਦੀ ਪ੍ਰਤੀਸ਼ਤਤਾ	**17**	**13**	**16**	**10**	**7**

3.2.1 ਮਾਲੀਆ ਖਰਚੇ ਦੀ ਸੈਕਟਰਵਾਰ ਵੰਡ (2021-22)


(ਰੁਪਏ ਕਰੋੜ ਵਿੱਚ)

ਲੜੀ ਨੰ	ਹਿੱਸੇ	ਰਕਮ	ਮਾਲੀਆ ਖਰਚ ਨਾਲ ਪ੍ਰਤੀਸ਼ਸਤਾ
ੳ.	ਆਮ ਸੇਵਾਵਾਂ	47,240	49
ੳ 1.	ਰਾਜ ਦੇ ਅੰਗ	1,232	1
ੳ 2.	ਵਿੱਤੀ ਸੇਵਾਵਾਂ	519	1
ੳ 3.	ਵਿਆਜ ਅਦਾਇਗੀ ਅਤੇ ਕਰਜੇ ਦੀ ਅਦਾਇਗੀ	20,883	22
ੳ 4.	ਪ੍ਰਸ਼ਾਸਨਿਕ ਸੇਵਾਵਾਂ	9,194	9
ੳ 5.	ਪੈਨਸ਼ਨ ਅਤੇ ਫੁਟਕਲ ਆਮ ਸੇਵਾਵਾਂ	15,412	16
ਅ.	ਸਮਾਜਿਕ ਸੇਵਾਵਾਂ	25,334	26
ੲ.	ਆਰਥਿਕ ਸੇਵਾਵਾਂ	20,204	21
ਸ.	ਅਨੁਦਾਨ ਸਹਾਇਤਾ ਅਤੇ ਅੰਸ਼ਦਾਨ	3,858	4
	ਕੁੱਲ	96,636	100

(ਰੁਪਏ ਕਰੋੜ ਵਿੱਚ)



3.2.2 ਮਾਲੀਆ ਖਰਚ ਦੇ ਮੁੱਖ ਹਿੱਸਿਆਂ ਦਾ ਰੁਝਾਨ



3.3 ਪੂੰਜੀਗਤ ਖਰਚੇ

ਸਾਲ 2021-22 ਵਿੱਚ ਪੂੰਜੀਗਤ ਭੁਗਤਾਨ ਸਕਲ ਰਾਜ ਘਰੇਲੂ ਉਤਪਾਦ ਦਾ 2 ਪ੍ਰਤੀਸ਼ਤ ਹੋਇਆ ਜੋ ਕਿ ਬਜਟ ਅਨੁਮਾਨ ਤੋਂ 6,●36 ਕਰੋੜ ਰੁਪਏ ਘੱਟ ਸੀ।

3.3.1 ਪੂੰਜੀਗਤ ਖਰਚੇ ਦੀ ਸੈਕਟਰਵਾਰ ਵੰਡ


ਲੜੀ ਨੰ.	ਭਾਗ	ਰਕਮ (ਰੁਪਏ ਕਰੋੜ ਵਿੱਚ)	ਪ੍ਰਤੀਸ਼ਤਤਾ
ੳ.	ਆਮ ਸੇਵਾਵਾਂ- ਪੁਲਿਸ, ਲੋਕ ਨਿਰਮਾਣ ਆਦਿ	**264**	**3**
ਅ.	ਸਮਾਜਿਕ ਸੇਵਾਵਾਂ- ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਜਲ ਪੂਰਤੀ ਅਤੇ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਆਦਿ ਦੀ ਭਲਾਈ	**2,911**	**30**
ੲ.	ਆਰਥਿਕ ਸੇਵਾਵਾਂ- ਖੇਤੀਬਾੜੀ, ਦਿਹਾਤੀ ਵਿਕਾਸ, ਸਿੰਚਾਈ, ਸਹਿਕਾਰਤਾ ਊਰਜਾ, ਉਦਯੋਗ ਅਤੇ ਆਵਾਜਾਈ ਆਦਿ	**4,835**	**50**
ਸ.	ਕਰਜ਼ੇ ਅਤੇ ਪੇਸ਼ਗੀਆਂ ਦਾ ਭੁਗਤਾਨ	**1,576**	**17**
	ਕੁੱਲ	**9,586**	**100**

3.3.2 ਪਿਛਲੇ 5 ਸਾਲਾਂ ਦੌਰਾਨ ਪੂੰਜੀਗਤ ਖਰਚੇ ਦੀ ਖੇਤਰ ਵਾਰ ਵੰਡ

(ਰੁਪਏ ਕਰੋੜ ਵਿੱਚ)

ਸਾਲ	ਆਮ ਸੇਵਾਵਾਂ	ਸਮਾਜਿਕ ਸੇਵਾਵਾਂ	ਆਰਥਿਕ ਸੇਵਾਵਾਂ	ਕਰਜ ਅਤੇ ਪੇਸ਼ਗੀਆਂ	ਕੁੱਲ
2017-18	180	916	1,256	760	3,112
2018-19	169	1,047	1,196	1,361	3,773
2019-20	154	965	16,709	784	18,612
2020-21	211	2,251	1,920	956	5,338
2021-22	264	2,911	4,835	1,576	9,586

ਪੂੰਜੀਗਤ ਖਰਚੇ ਦੀ ਖੇਤਰਵਾਰ ਵੰਡ




3.4 ਬਚਨਬੱਧ ਖਰਚੇ

(ਰੁਪਏ ਕਰੋੜ ਵਿੱਚ)

ਸਾਲ	ਤਨਖਾਹ	ਵਿਆਜ	ਪੈਨਸ਼ਨ	ਕੁੱਲ
2017-18	19,430	15,334	10,208	44,972
2018-19	20,300	16,306	10,089	46,695
2019-20	20,857	17,567	11,676	50,100
2020-21	21,198	18,152	14,777	54,127
2021-22	23,683	19,063	14,737	57,483

ਬਚਨਬੱਧ ਖਰਚੇ ਦਾ ਰੁਝਾਨ



ਪ੍ਰਤੀਬੱਧ ਖਰਚੇ ਬਨਾਮ ਮਾਲੀਆ ਖਰਚੇ ਅਤੇ ਮਾਲੀਆ ਪ੍ਰਾਪਤੀਆਂ

(ਰੁਪਏ ਕਰੋੜ ਵਿੱਚ)

ਹਿੱਸੇ	2017-18	2018-19	2019-20	2020-21	2021-22
ਪ੍ਰਤੀਬੱਧ ਖਰਚੇ	44,972	46,695	50,100	54,127	57,483
ਮਾਲੀਆ ਪ੍ਰਾਪਤੀਆਂ	53,010	62,269	61,575	69,048	78,168
ਪ੍ਰਤੀਬੱਧ ਖਰਚੇ ਤੇ ਮਾਲੀਆ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ	85	75	81	78	74
ਮਾਲੀਆ ਖਰਚੇ	62,465	75,404	75,859	86,345	96,636
ਪ੍ਰਤੀਬੱਧ ਖਰਚੇ ਤੇ ਮਾਲੀਆ ਖਰਚੇ ਦੀ ਪ੍ਰਤੀਸ਼ਤਤਾ	72	62	66	63	60

ਪ੍ਰਤੀਬੱਧ ਖਰਚੇ ਦਾ ਉਪਰ ਵੱਲ ਰੁਝਾਣ ਸਰਕਾਰ ਦੇ ਵਿਕਾਸ ਖੇਤਰ ਲਈ ਘੱਟ ਲਚਕਤਾ ਦਰਸਾਉਂਦਾ ਹੈ।

ਅਧਿਆਇ IV

ਨਮਿੱਤਣ ਲੇਖੇ

4.1 ਸਾਲ 2021-22 ਲਈ ਨਮਿੱਤਣ ਲੇਖਿਆਂ ਦਾ ਸਾਰ

(ਰੁਪਏ ਕਰੋੜ ਵਿੱਚ)

ਲੜੀ ਨੰ.	ਖਰਚ ਦੀ ਕਿਸਮ	ਮੂਲ ਗ੍ਰਾਂਟ	ਅਨੁਪੂਰਕ ਗ੍ਰਾਂਟ	ਕੁਲ	ਅਸਲ ਖਰਚ	ਬਚਤ (–) ਵਧੀਕ (+)
1.	**ਮਾਲੀਆ ਖਰਚ**					
	ਵੋਟਿਡ	82,420	8,856	91,276	76,385	-14,891
	ਚਾਰਜਡ	21,459	23	21,482	21,118	-364
2.	**ਪੂੰਜੀਗਤ ਖਰਚੇ**					
	ਵੋਟਿਡ	14,135	1,993	16,128	8,212	-7,916
3.	**ਸਾਰਵਜਨਿਕ ਕਰਜੇ**					
	ਚਾਰਜਡ	48,513	–	48,513	19,279	-29,234
4.	**ਕਰਜੇ ਅਤੇ ਪੇਸ਼ਗੀਆਂ**					
	ਵੋਟਿਡ	1,488	518	2,006	1,576	-430
	ਕੁਲ	1,68,015	11,390	1,79,405	1,26,570	-52,835

4.2 ਪਿਛਲੇ ਪੰਜ ਸਾਲਾਂ ਦੌਰਾਨ ਬਚਤ/ਵਧੀਕ ਦਾ ਰੁਝਾਨ

(ਰੁਪਏ ਕਰੋੜ ਵਿੱਚ)

	ਬਚਤ (–) ਵਧੀਕ (+)				
ਸਾਲ	ਮਾਲੀਆ	ਪੂੰਜੀਗਤ	ਸਾਰਵਜਨਿਕ ਕਰਜ	ਕਰਜ਼ੇ ਤੇ ਪੇਸ਼ਗੀਆਂ	ਕੁਲ
2017-18	-13,217	-4,021	-60	-1,470	-18,768
2018-19	-11,695	-4,083	-853	-270	-16,901
2019-20	-17,106	-4,816	-5,066	-190	-27,178
2020-21	-14,778	-5,741	-13,294	-106	-33,919
2021-22	-15,255	-7,916	-29,234	-430	**-52,835**

4.3 ਮਹੱਤਵਪੂਰਨ ਬੱਚਤਾਂ

ਕੁੱਝ ਸਕੀਮਾਂ/ਪ੍ਰੋਗਰਾਮਾਂ ਵਿੱਚ ਵਾਧੂ ਬੱਚਤਾਂ ਇਹ ਦਰਸਾਉਂਦੀਆਂ ਹਨ ਕਿ ਇਹ ਸਕੀਮਾਂ/ਪ੍ਰੋਗਰਾਮ ਜਾਂ ਤਾਂ ਹੋਲੀ ਲਾਗੂ ਹੋਏ ਜਾਂ ਬਿਲਕੁਲ ਲਾਗੂ ਨਹੀਂ ਹੋਏ।

ਲਗਾਤਾਰ ਅਤੇ ਮਹੱਤਵਪੂਰਣ ਬੱਚਤਾਂ ਵਾਲੀਆਂ ਕੁੱਝ ਅਨੁਦਾਨਾਂ ਹੇਠ ਲਿਖੀਆਂ ਹਨ:

ਪ੍ਰਤੀਸਸਤਾ

ਅਨੁਦਾਨ ਨੰ.	ਅਨੁਦਾਨ ਦਾ ਨਾਮ	2017-18	2018-19	2019-20	2020-21	2021-22
23	ਪੇਂਡੂ ਵਿਕਾਸ ਅਤੇ ਪੰਚਾਇਤ	63	62	67	36	50
24	ਸਾਂਇਸ ਤਕਨੀਕੀ ਅਤੇ ਵਾਤਾਵਰਨ	88	82	85	47	46
28	ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ	56	59	42	36	61
31	ਰੋਜਗਾਰ	..	69	64	45	81
41	ਜਲ ਵਿਤਰਣ ਅਤੇ ਸੈਨੀਟੇਸ਼ਨ	..	53	46	37	42
42	SC, ST, OBC ਅਤੇ ਘੱਟ ਗਿਣਤੀਆਂ ਦੀ ਭਲਾਈ	..	52	63	49	49

ਸਾਲ 2021-22 ਦੌਰਾਨ ਕੁੱਝ ਅਜਿਹੀਆਂ ਮੂਲ ਅਨੁਦਾਨਾਂ ਹਨ ਜਿਨ੍ਹਾਂ ਵਿੱਚ ਕਾਫੀ ਬੱਚਤ ਹੋਈ ਫੇਰ ਵੀ 11,39● ਕਰੋੜ ਰੁਪਏ ਦੀਆਂ ਅਨੁਪੂਰਕ ਅਨੁਦਾਨਾਂ ਦਾ ਗੈਰ ਜ਼ਰੂਰੀ ਪ੍ਰਾਵਧਾਨ ਕੀਤਾ ਗਿਆ।

ਕੁੱਝ ਉਦਾਹਰਣ ਹੇਠਾਂ ਲਿਖੇ ਹਨ:

(ਰਪਏ ਕਰੋੜ ਵਿੱਚ)

ਅਨੁਦਾਨ ਨੰ.	ਅਨੁਦਾਨ ਦਾ ਨਾਮ	ਭਾਗ	ਮੂਲ	ਅਨੁਪੂਰਕ	ਅਸਲ ਖਰਚਾ
5	ਸਿੱਖਿਆ	ਮਾਲੀਆ (ਵ)	12,866	751	12,565
9	ਖੁਰਾਕ ਅਤੇ ਪੂਰਤੀ	ਮਾਲੀਆ (ਵ)	440	29	359
11	ਸਿਹਤ ਅਤੇ ਪਰਿਵਾਰ ਭਲਾਈ	ਮਾਲੀਆ (ਵ)	3,705	659	3,509
21	ਸਥਾਨਿਕ ਸਰਕਾਰ	ਪੂੰਜੀਗਤ (ਵ)	1,842	32	1,268
23	ਪੇਡੂ ਵਿਕਾਸ ਅਤੇ ਪੰਚਾਇਤ	ਮਾਲੀਆ (ਵ)	2,019	929	1,995
37	ਕਾਨੂਨ ਅਤੇ ਨਿਆ	ਪੂੰਜੀਗਤ (ਵ)	635	37	605
38	ਮੈਡੀਕਲ ਸਿਖਿਆ ਅਤੇ ਖੋਜ	ਪੂੰਜੀਗਤ (ਵ)	512	10	497
40	ਖੇਡ ਅਤੇ ਯੁਵਾ ਰੋਜਗਾਰ	ਪੂੰਜੀਗਤ (ਵ)	147	12	111
42	SC, ST, OBC ਅਤੇ ਘਟ ਗਿਨਤਿਆ ਦੀ ਭਲਾਈ	ਪੂੰਜੀਗਤ (ਵ)	130	9	36

ਸਾਲ ਦੇ ਅੰਤ ਵਿੱਚ ਅਨੁਪੂਰਕ ਵੰਡ ਤੋਂ ਬਾਅਦ ਵੀ ਵਾਧੂ ਖਰਚਾ ਹੋਨ ਤੇ ਅਨੁਦਾਨਾ ਦਾ ਉਦਾਹਰਨ ਹੇਠ ਲਿਖਿਆ ਹੈ :

ਅਨੁਦਾਨ ਨੰ.	ਅਨੁਦਾਨ ਦਾ ਨਾਮ	ਭਾਗ	ਮੂਲ	ਅਨੁਪੂਰਕ	ਅਸਲ ਖਰਚਾ
9	ਖੁਰਾਕ ਅਤੇ ਪੂਰਤੀ	ਪੂੰਜੀਗਤ (ਵ)	500	508	1,040
21	ਸਥਾਨਿਕ ਸਰਕਾਰ	ਮਾਲੀਆ (ਵ)	607	64	1,029

ਅਧਿਆਇ V


ਸੰਪਦਾ ਅਤੇ ਦੇਣਦਾਰੀਆਂ

5.1 ਸੰਪਦਾ

ਲੇਖਿਆ ਦਾ ਮੌਜੂਦਾ ਰੂਪ ਸਰਕਾਰੀ ਸੰਪਦਾਵਾਂ ਜਿਵੇਂ ਜਮੀਨ, ਇਮਾਰਤਾਂ ਆਦਿ (ਪ੍ਰਾਪਤੀ ਜਾਂ ਖਰੀਦ ਦੇ ਸਾਲ ਨੂੰ ਛੱਡ ਕੇ) ਦਾ ਅਸਾਨੀ ਨਾਲ ਮੂਲਾਂਕਣ ਨਹੀਂ ਕਰਦਾ। ਇਸ ਤਰਾਂ ਲੇਖੇ ਮੌਜੂਦਾ ਸਾਲ ਵਿੱਚ ਹੋਣ ਵਾਲੀਆਂ ਦੇਣਦਾਰੀਆਂ ਦਾ ਅਸਰ ਤਾਂ ਦਰਸਾਉਂਦੇ ਹਨ, ਪਰ ਆਉਣ ਵਾਲੀਆਂ ਪੀੜ੍ਹੀਆਂ ਤੇ (ਵਿਆਜ ਦਰ ਅਤੇ ਕਰਜ਼ੇ ਦੀ ਮਿਆਦ ਨੂੰ ਛੱਡ ਕੇ) ਕੋਈ ਹੋਰ ਅਸਰ ਨਹੀਂ ਦਰਸਾਉਂਦੇ ਹਨ।

ਸਾਲ 2021–22 ਦੇ ਅੰਤ ਤੱਕ ਕੁੱਲ 19,900 ਕਰੋੜ ਰੁਪਏ ਦਾ ਨਿਵੇਸ਼ ਹੋਇਆ। ਸਾਲ ਦੌਰਾਨ 6.66 ਕਰੋੜ ਰੁਪਏ ਦਾ ਲਾਭਾਂਸ਼ ਪ੍ਰਾਪਤ ਹੋਇਆ । 2021–22 ਵਿੱਚ ਕੁੱਲ 12 ਕਰੋੜ ਰੁਪਏ ਦਾ ਨਿਵੇਸ਼ ਹੋਇਆ।

1 ਅਪ੍ਰੈਲ 2021 ਨੂੰ ਭਾਰਤੀ ਰਿਜ਼ਰਵ ਬੈਂਕ ਵਿੱਚ 194 ਕਰੋੜ ਰੁਪਏ ਨਕਦ ਬਕਾਇਆ ਸੀ ਅਤੇ 31 ਮਾਰਚ 2022 ਨੂੰ 130 ਕਰੋੜ ਰੁਪਏ ਸੀ।



5.2 ਕਰਜੇ ਅਤੇ ਦੇਣਦਾਰੀਆਂ

ਭਾਰਤ ਦੇ ਸੰਵਿਧਾਨ ਦਾ ਅਨੁਛੇਦ 293 ਰਾਜ ਸਰਕਾਰ ਨੂੰ ਰਾਜ ਵਿਧਾਨ ਸਭਾ ਦੁਆਰਾ ਸਮੇਂ ਸਮੇਂ ਤੇ ਨਿਯਤ ਸੀਮਾਵਾਂ, ਜੇਕਰ ਕੋਈ ਹੋਣ, ਦੇ ਅੰਦਰ

31 ਮਾਰਚ 2022 ਨੂੰ 2,45,291 ਕਰੋੜ ਰੁਪਏ ਦੇ ਬਕਾਇਆ ਸਾਰਵਜਨਿਕ ਕਰਜੇ ਸੀ ਜਿਸ ਵਿੱਚ 2,20,197 ਕਰੋੜ ਰੁਪਏ ਦੇ ਅੰਦਰੂਨੀ ਕਰਜੇ ਅਤੇ 25,094 ਕਰੋੜ ਰੁਪਏ ਦੇ ਕੇਂਦਰੀ ਸਰਕਾਰ ਤੋਂ ਲਿੱਤੇ ਗਏ ਕਰਜ਼ੇ ਤੇ ਪੇਸ਼ਗੀਆਂ ਸ਼ਾਮਲ ਹਨ। 36,482 ਕਰੋੜ ਰੁਪਏ ਦੀਆਂ ਹੋਰ ਦੇਣਦਾਰੀਆਂ ਸਾਰਵਜਨਿਕ ਲੇਖੇ ਦੇ ਅਧੀਨ ਹਨ।

ਰਾਜ , ਜਮਾਂ ਰਕਮਾਂ ਜਿਵੇਂ ਛੋਟੀਆਂ ਬਚਤਾਂ ਤੋਂ ਉਗਰਾਹੀ, ਪ੍ਰਾਈਵੇਟ ਫੰਡ ਅਤੇ ਜਮਾਂ ਰਕਮਾਂ ਸਬੰਧ ਵਿੱਚ ਇੱਕ ਬੈਂਕਰ ਅਤੇ ਟ੍ਰਸਟੀ ਦੇ ਰੂਪ ਵਿੱਚ ਵੀ ਕੰਮ ਕਰਦਾ ਹੈ। ਸਾਲ 2021-22 ਦੌਹਾਨ ਰਾਜ ਸਰਕਾਰ ਦੀਆਂ ਅਜਿਹੀਆਂ ਦੇਣਦਾਰੀਆਂ ਦੇ ਸਬੰਧ ਵਿੱਚ ਕੁੱਲ ਮਿਲਾ ਕੇ 1,844 ਕਰੋੜ ਰੁਪਏ ਦਾ ਵਾਧਾ ਹੋਇਆ।

ਕਰਜ਼ੇ ਅਤੇ ਹੋਰ ਦੇਣਦਾਰੀਆਂ ਤੇ ਵਿਆਜ ਦੀਆਂ ਅਦਾਇਗੀਆਂ ਕੁੱਲ 19,063 ਕਰੋੜ ਰੁਪਏ ਸੀ ਜੋਕਿ 96,636 ਕਰੋੜ ਰੁਪਏ ਦੇ ਮਾਲੀਆ ਖਰਚੇ ਦਾ 20 ਪ੍ਰਤੀਸ਼ਤ ਹੈ। ਸਾਰਵਜਨਿਕ ਕਰਜ਼ਿਆਂ ਦੇ ਵਿਆਜ ਦੀ ਅਦਾਇਗੀ 16,986 ਕਰੋੜ ਰੁਪਏ (16,892 ਕਰੋੜ ਰੁਪਏ ਦੇ ਅੰਦਰੂਨੀ ਕਰਜ਼ੇ ਅਤੇ 94 ਕਰੋੜ ਰੁਪਏ ਕੇਂਦਰੀ ਸਰਕਾਰ ਤੋਂ ਲਏ ਗਏ ਕਰਜ਼ੇ ਤੇ ਪੇਸ਼ਗੀਆਂ ਦੇ ਵਿਆਜ ਉਪਰ ਹਨ)। ਸਾਲ 2021-22 ਵਿੱਚ ਵਿਆਜ ਅਦਾਇਗੀਆਂ ਦੇ ਖਰਚੇ ਵਿੱਚ 2020-21 ਦੇ ਮੁਕਾਬਲੇ 1,806 ਕਰੋੜ ਰੁਪਏ ਦਾ ਵਾਧਾ ਹੋਇਆ।

ਸਾਲ 2021-22 ਦੇ ਦੌਰਾਨ 28,590 ਕਰੋੜ ਰੁਪਏ ਦੇ ਲਏ ਗਏ ਅੰਦਰੂਨੀ ਕਰਜ਼ੇ ਮੁੱਖ ਤੌਰ ਤੇ ਦੇਣਦਾਰੀਆਂ (18,787 ਕਰੋੜ ਰੁਪਏ) ਅਤੇ ਵਿਆਜ ਦੀਆਂ ਅਦਾਇਗੀਆਂ (9,803 ਕਰੋੜ ਰੁਪਏ) ਲਈ ਵਰਤੇ ਗਏ।

ਸਾਰਵਜਨਿਕ ਕਰਜ਼ੇ ਅਤੇ ਰਾਜ ਸਰਕਾਰ ਦੀਆਂ ਕੁੱਲ ਦੇਣਦਾਰੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

(ਰੁਪਏ ਕਰੋੜ ਵਿੱਚ)


ਸਾਲ	ਜੀ ਐਸ ਡੀ ਪੀ *	ਸਾਰਵਜਨਿਕ ਕਰਜ਼	ਜੀ ਐਸ ਡੀ ਪੀ ਨਾਲ ਪਤੀਸ਼ਤਤਾਂ	ਸਾਰਵਜਨਿਕ ਲੇਖੇ	ਜੀ ਐਸ ਡੀ ਪੀ ਨਾਲ ਪਤੀਸ਼ਤਤਾਂ	ਕੁੱਲ ਦੇਣਦਾਰੀਆਂ**	ਜੀ ਐਸ ਡੀ ਪੀ ਨਾਲ ਪਤੀਸ਼ਤਤਾਂ
2017-18	4,71,014	1,64,803	35	30,349	6	1,95,177	41
2018-19	5,12,510	1,79,131	35	32,856	6	2,12,012	41
2019-20	5,37,031	1,94,333	36	35,302	7	2,29,660	43
2020-21	5,32,555	2,23,394	42	36,007	7	2,59,426	49
2021-22	5,84,042	2,45,291	42	39,702	7	2,85,018	49

* *ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ*

** *ਅਚੇਤ ਫੰਡ ਦੇ 25 ਕਰੋੜ ਰੁਪਏ ਸ਼ਾਮਲ ਹਨ*

ਪਿਛਲੇ ਪੰਜ ਸਾਲਾਂ ਵਿੱਚ ਨਿਰੋਲ ਦੇਣਦਾਰੀਆਂ ਵਿੱਚ 89,841 ਕਰੋੜ ਰੁਪਏ (46 ਪ੍ਰਤੀਸ਼ਤ) ਦਾ ਨਿਰੋਲ ਵਾਧਾ ਹੋਇਆ।

ਸਰਕਾਰੀ ਦੇਣਦਾਰੀਆਂ ਦਾ ਰੁਝਾਨ



5.3 ਗਰੰਟੀਆਂ

ਸਾਲ 2021-22 ਵਿੱਚ ਰਾਜ ਸਰਕਾਰ ਦੁਆਰਾ ਵੱਧ ਤੋਂ ਵੱਧ 25,850 ਕਰੋੜ ਰੁਪਏ ਦੀ ਗਰੰਟੀ ਅਧਿਨਿਯਮਿਤ ਕਾਰਪੋਰੇਸ਼ਨਾਂ, ਸਰਕਾਰੀ ਕੰਪਨੀਆਂ ਅਤੇ ਸਹਿਕਾਰੀ ਬੈਂਕਾਂ, ਸਥਾਨਕ ਸੰਸਥਾਵਾਂ ਦੁਆਰਾ ਲਏ ਕਰਜ਼ੇ ਦੀ ਵਾਪਸੀ ਲਈ ਦਿੱਤੀ ਗਈ। 31 ਮਾਰਚ 2022 ਨੂੰ 20,165 ਕਰੋੜ ਰੁਪਏ ਦੀ ਰਕਮ ਬਕਾਇਆ ਸੀ। 2021-22 ਵਿੱਚ 178 ਕਰੋੜ ਰੁਪਏ ਦੀ ਰਕਮ ਗਰੰਟੀ ਫੀਸ ਵੱਜੋਂ ਦੇਣੀ ਬਣਦੀ ਸੀ। ਜਦਕਿ ਕੇਵਲ 3 ਅਦਾਰਿਆਂ ਵੱਲੋਂ 38 ਕਰੋੜ ਰੁਪਏ ਦੀ ਗਰੰਟੀ ਫੀਸ ਦਿੱਤੀ ਗਈ।

(ਰੁਪਏ ਕਰੋੜ ਵਿੱਚ)

ਵਿੱਤੀ ਸਾਲ	ਵੱਧ ਤੋਂ ਵੱਧ ਦਿੱਤੀ ਗਈ ਗਰੰਟੀ	ਸਾਲ ਦੇ ਅੰਤ ਵਿੱਚ ਬਕਾਇਆ ਰਕਮ
2017-18	14,214	20,617
2018-19	14,287	23,816
2019-20	14,434	25,352
2020-21	23,170	23,552
2021-22	25,850	20,165

ਅਧਿਆਇ VI

ਹੋਰ ਮੱਦਾ

6.1 ਵਸਤੂ ਅਤੇ ਸੇਵਾ ਟੈਕਸ (GST) :

ਸਾਲ 2021-22 ਦੌਰਾਨ State Good & Services (SGST) ਦੀ ਕੁਲੈਕਸ਼ਨ 15,542 ਕਰੋੜ ਰੁਪਏ ਹੋਈ, ਜਦੋ ਕਿ ਸਾਲ 2020-21 ਦੌਰਾਨ ਕੁਲੈਕਸ਼ਨ 11,819 ਕਰੋੜ ਰੁਪਏ ਜੋ ਕਿ 3,723 ਕਰੋੜ ਰੁਪਏ ਵਦ ਹੈ । ਇਸ ਤੋ ਇਲਾਵਾ ਰਾਜ ਵਲੋ 14 ਵੇਂ ਵਿਤ ਕਮੀਸਨ ਦੀਆਂ ਸਿਫਾਰਿਸ਼ਾਂ ਅਨੁਸਾਰ ਰੁਪਏ 4,580 ਕਰੋੜ ਰੁਪਏ CGST ਵਿਚੋ ਆਪਣਾ ਹਿਸਾ ਪ੍ਰਾਪਤ ਕੀਤਾ। GST ਅਧੀਨ ਕੁਲ ਪ੍ਰਾਪਤੀਆਂ 20,122 ਕਰੋੜ ਰੁਪਏ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਸਾਲ 2021-22 ਦੌਰਾਨ 4,442 ਕਰੋੜ ਰੁਪਏ GST ਲਾਗੂ ਹੋਣ ਕਾਰਨ ਹੋਏ ਨੁਕਸਾਨ ਵਜੋ ਪ੍ਰਾਪਤ ਹੋਏ।

6.2 ਬਕਾਇਆ ਬਿਉਰੇਵਾਰ ਅਗੇਤੇ ਸੰਭਾਵੀ ਬਿੱਲ :

ਡਰਾਇੰਗ ਅਤੇ ਡਿਸਬਰਸਿੰਗ ਅਫਸਰ ਸੇਵਾ ਮਦ ਨੂੰ ਡੈਬਿਟ ਕਰਕੇ ਬਕਾਇਆ ਬਿਓਰੇਵਾਰ ਅਗੇਤੇ ਸੰਭਾਵੀ ਬਿੱਲ ਤਿਆਰ ਕਰਕੇ ਪੈਸੇ ਕਢਾਉਣ ਦੇ ਅਧਿਕਾਰਤ ਹਨ। ਪੰਜਾਬ ਖਜਾਨਾ ਨਿਯਮ 274 ਜਿਸ ਵਿੱਚ ਪੰਜਾਬ ਸਰਕਾਰ ਕੀਆਂ 11 ਨਵੰਬਰ ਅਤੇ 19 ਦਸੰਬਰ 2016 ਦੀਆਂ ਹਦਾਇਤਾਂ ਅਨੁਸਾਰ ਕੀਤੀ ਗਈ ਸੋਧ ਦੇ ਅਨੁਸਾਰ ਡੀ.ਡੀ.ਉ. ਦੁਆਰਾ ਬਿਉਰੇਵਾਰ ਸੰਭਾਲ ਬਿੱਲ ਨਿਯੰਤਰਕ ਅਧਿਕਾਰੀ ਦੇ ਪ੍ਰਤੀ ਹਸਤਾਖਰਾਂ ਹੇਠ ਛੇ ਮਹੀਨੇ ਦੇ ਅੰਦਰ ਅੰਦਰ ਪੇਸ ਕਰਨੇ ਹੁੰਦੇ ਹਨ। ਲੰਬੇ ਸਮੇਂ ਤੋਂ ਸੰਭਾਵੀ ਬਿੱਲ ਪੇਸ਼ ਨਾ ਕਰਨ ਕਰਕੇ ਖਰਚਾ ਧੁੰਦਲਾ ਹੋ ਜਾਂਦਾ ਹੈ।

31 ਮਾਰਚ 2022 ਤੱਕ ਦੇ ਬਕਾਇਆ ਬਿਉਰੇਵਾਰ ਸੰਭਾਵੀ ਬਿੱਲ ਹੇਠ ਲਿਖੇ ਹਨ:

ਸਾਲ	ਬਕਾਇਆ ਬਿਉਰੇਬਰ ਸੰਭਾਵੀ ਬਿੱਲ	
	ਗਿਣਤੀ	ਰਕਮ (ਰੁਪਏ ਕਰੋੜ ਵਿੱਚ)
Upto 2020-21 ਤੱਕ	521	956
2021-22 (ਸਤੰਬਰ 2021 ਤੱਕ ਕਢਵਾਏ ਗਏ)	1,154	3,126
ਕੁੱਲ	**1,675**	**4,082**

6.3 ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਦੇ ਬਕਾਇਆ ਵਰਤੋਂ ਸਰਟੀਫੀਕੇਟ :

ਪੰਜਾਬ ਵਿੱਤੀ ਨਿਯਮ ਵਾਲੂਯਮ ਦੇ ਨਿਯਮ 8.14 (ਲ) ਮੁਤਾਬਿਕ ਵਰਤੋਂ ਸਰਟੀਫਿਕੇਟ ਅਨੁਦਾਨ ਸਹਾਇਤਾ ਦੀ ਸਵੀਕ੍ਰਿਤੀ ਤੋਂ 18 ਮਹੀਨੇ ਦੇ ਅੰਦਰ ਸਹਾਲੇਖਾਕਾਰ ਪੰਜਾਬ ਨੂੰ ਪੇਸ਼ ਕਰਨੇ ਚਾਹੀਦੇ ਹਨ। ਬਕਾਇਆ ਵਰਤੋਂ ਸਰਟੀਫਿਕੇਟਾਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹਨ।

ਸਾਲ	ਪ੍ਰਾਪਤ ਹੋਣ ਵਾਲ ਵਰਤੋ ਸਰਦੀਫੀਕੇਟਾਂ ਦੀ ਗਿਣਤੀ	ਰਕਮ (ਰੁਪਏ ਕਰੋੜਾਂ ਵਿਚ)
2020-21 ਤੱਕ	108	272
2021-22 (ਮਹੀਨਾ ਸਤੰਬਰ 2020 ਤੱਕ ਡਰਾਅ ਕੀਤੇ)	169	1,528
ਕੁੱਲ	**281**	**1,800**

(ਉਪਰ ਜਿਕਰ ਕੀਤਾ ਸਾਲ ਡਿਓ ਸਾਲ ਨਾਲ ਸਬੰਧਤ ਹੈ ਯਾਨੀ ਅਸਲ ਡਰਾਅਲ ਤੋਂ ਅਠਾਰਾ ਮਹੀਨਿਆ ਬਾਅਦ)

ਵਰਤੋਂ ਸਰਟੀਫੀਕੇਟਾਂ ਦਾ ਦੇਰ ਨਾਲ ਪੇਸ ਹੋਣਾ ਜਾ ਨਾਂ ਭੇਜਣਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਫੰਡਾ ਦੀ ਵਰਤੋ ਸਹੀ ਕੰਮਾ ਲਈ ਨਹੀ ਕੀਤੀ ਗਈ।

6.4 ਸਮੇਕਿਤ ਕਰਜ਼ ਭੁਗਤਾਨ ਫੰਡ :

ਪੰਜਾਬ ਸਰਕਾਰ ਨੇ 20 ਦਸੰਬਰ 2006 ਦੇ ਹੁਕਮਾਂ ਰਾਹੀ ਸਮੇਕਿਤ ਕਰਜ ਭੁਗਤਾਨ ਫੰਡ ਦੀ ਸਥਾਪਨਾ ਕੀਤੀ । ਰਾਜ ਸਰਕਾਰ ਦੁਆਰਾ ਪਿਛਲੇ ਵਿੱਤੀ ਸਾਲ ਦੇ ਅੰਤ ਤੇ ਬਕਾਇਆ ਦੇਣਕਾਰੀ ਦੀ ਰਕਮ ਘੱਟ-ਘੱਟ 0.50 ਪ੍ਰਤੀਸ਼ਤ ਦਾ ਯੋਗਦਾਨ ਕੀਤਾ ਜਾਣਾ ਸੀ। 31 ਮਾਰਚ 2022 ਨੂੰ ਫੰਡ ਵਿੱਚ ਕੁੱਲ ਜਮਾਂ 3,127. 26 ਕਰੋੜ ਰੁਪਏ ਸੀ (31 ਮਾਰਚ 2021 ਨੂੰ 1,210.65 ਕਰੋੜ ਰੁਪਏ)। ਇਸ ਤਰ੍ਹਾਂ ਪੰਜਾਬ ਸਰਕਾਰ 2021-22 ਵਿੱਚ ਘੱਟੇ-ਘੱਟ ਦਾ ਯੋਗਦਾਨ ਕਰਨਾ ਬਣਦਾ ਸੀ ਜਦੋ ਕਿ ਰਾਜ ਸਰਕਾਰ ਵੱਲੋ ਫੰਡ ਵਿਖੇ ਸਿਰਫ 1,820.00 ਕਰੋੜ ਹੀ ਜਮ੍ਹਾ ਕਰਵਾਏ ਗਏ।

6.5 ਗਰੰਟੀ ਰਿਡੰਮਪਸ਼ਨ ਫੰਡ :

ਬਾਹਰਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾ ਮੁਤਾਬਿਕ ਰਾਜ ਸਰਕਾਰ ਨੇ ਦਸੰਬਰ 2007 ਨੂੰ (ਜਿਸਦੀ ਸੋਧ ਸਾਲ 2013-14 ਲਈ 8 ਜਨਵਰੀ 2014 ਨੂੰ ਕੀਤੀ ਗਈ ਅਤੇ ਫਿਰ ਦੁਬਾਰਾ ਸੋਧ 2017-18 ਲਈ 23 ਅਕਤੂਬਰ 2018 ਨੂੰ ਕੀਤੀ ਗਈ) ਜਿਸਦਾ ਉਦੇਸ਼ ਰਾਜ ਪੱਧਰ ਦੀਆਂ ਸੰਸਥਾਵਾਂ ਨੂੰ ਗਰੰਟੀ ਦੇਣ ਵਜੋਂ ਪੈਦਾ ਹੋਈਆ ਇਖਲਾਕੀ ਬੰਦਿਸ਼ਾ ਨੂੰ ਪੂਰਾ ਕਰਨਾ ਸੀ। ਦਿਸ਼ਾ ਨਿਰਦੇਸ਼ਾ ਮੁਤਾਬਿਕ ਪੰਜਾਬ ਸਰਕਾਰ ਨੂੰ ਪਿਛਲੇ ਸਾਲ ਦੇ ਅੰਤ ਵਿੱਚ ਬਕਾਇਆ ਗਰੰਟੀਆ ਤੇ ਘੱਟੇ-ਘੱਟ ਇੱਕ ਪ੍ਰਤੀਸ਼ਤ ਅਤੇ ਬਾਦ ਵਿੱਚ ਘੱਟੇ-ਘੱਟ 0.50 ਪ੍ਰਤੀਸ਼ਤ ਹਰ ਸਾਲ ਅਤੇ ਅਗਲੇ ਪੰਜ ਸਾਲਾਂ ਵਿੱਚ ਘੱਟੇ-ਘੱਟ 3 ਪ੍ਰਤੀਸ਼ਤ ਯੋਗਦਾਨ ਦੇਣ ਦਾ ਉੱਪਬੰਧ ਹੈ। । ਸਾਲ ਦੋਰਾਨ ਸਰਕਾਰ ਵੱਲੋ 117.76 ਕਰੋੜ ਰੁਪਏ ਦੇ ਬਣਦੇ ਘਟੇ ਘੱਟ ਯੋਗਦਾਨ ਵਿੱਚੋ ਕੋਈ ਯੋਗਦਾਨ ਨਹੀ ਕੀਤਾ ਗਿਆ । ਇਸ ਤਰਾਂ ਸਕੀਮ ਰਾਹੀਂ ਇਕਠੀ ਕੀਤੀ ਗਈ ਗੰਰਟੀ ਫ਼ੀਸ ਨੂੰ ਫੰਡ ਵਿੱਚ ਤਬਦੀਲ ਕਰਨਾ ਜਰੂਰੀ ਹੈ। ਸਾਲ 2021-22 ਦੋਰਾਨ ਇੱਕਠੀ ਕੀਤੀ ਗਈ ਗਰੰਟੀ ਫ਼ੀਸ ਰੁ 38.24 ਕਰੋੜ ਨੂੰ ਫੰਡ ਵਿੱਚ ਤਬਦੀਲ ਨਹੀਂ ਕੀਤਾ ਗਿਆ। ਫੰਡ ਵਿੱਚ ਨਾ ਤਬਦੀਲ ਕੀਤੇ ਗਰੰਟੀ ਫ਼ੀਸ 38.24 ਕਰੋੜ ਰੁਪਏ ਨਤੀਜਨ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਘੱਟ ਲਿਖਿਆ ਹੈ।

6.6 ਵਿਭੱਾਗੀ ਅਫਸਰਾਂ ਕੋਲ ਨਕਦ :

ਕੋਡਲ ਸ਼ਰਤਾ (ਉਪਬੰਧਾਂ) ਮੁਤਾਬਿਕ ਸਾਰਵਜਨਿਕ ਨਿਰਮਾਣ ਡਿਵੀਜ਼ਨਾਂ ਨੂੰ ਗੈਰ ਸਰਕਾਰੀ ਇਜੰਸੀਆਂ ਦੁਆਰਾ ਡਿਪੋਜਿਟ ਕੰਮਾਂ ਲਈ ਫੰਡ ਮੁੱਖ ਮੱਦ 8443 – **ਸਿਵਲ ਡਿਪਾਜ਼ਿਟ** ਛੋਟੀ ਮੱਦ 108 –ਪੀ.ਡਬਲਯੂ **ਡਿਪਾਜ਼ਿਟ** ਅਧੀਨ ਰਕਮ ਜਮਾਂ ਕਰਨੀ ਹੁੰਦੀ ਹੈ । ਡਿਪੋਜਿਟ ਕੰਮਾਂ ਲਈ ਖਰਚਾ ਵੀ ਇਸੇ ਲੇਖਾ ਮੱਦ ਵਿੱਚੋਂ ਕੀਤਾ ਜਾਂਣਾ ਹੈ । ਡਿਵੀਜਨਾਂ ਦੇ ਮਾਸਿਕ ਲੇਖੇ ਵਿਚ ਡਿਪੋਸਿਟ ਮੁੱਖ ਮੱਦ 8671 – ਵਿਭਾਗੀ ਬਕਾਏ 101– ਸਿਵਿਲ ਅਧੀਨ ਮੱਦ ਵਿਚ ਜਮਾਂ ਹੁੰਦੇ ਹਨ। ਇਸ ਤਰ੍ਹਾਂ ਇਹ ਸਰਕਾਰੀ ਲੇਖੇ ਦਾ ਹਿੱਸਾ ਬਣ ਜਾਂਦਾ ਹੈ । ਪਰ ਜੋ ਫੰਡ ਜਮਾਂ ਕੰਮਾਂ ਲਈ ਹੁੰਦੇ ਹਨ ਉਹ ਸਰਕਾਰ ਦੇ ਸਰਵਜਨਿਕ ਲੇਖੇ ਵਿੱਚ ਰੱਖਣ ਦੀ ਬਜਾਏ ਸਰਵਜਨਿਕ ਨਿਰਮਾਣ ਡਿਵੀਜ਼ਨਾਂ ਦੇ ਮੰਡਲੀ ਅਫਸਰਾਂ ਦੇ ਬੈਂਕ ਖਾਤੇ ਵਿੱਚ ਰੱਖੇ ਜਾਂਦੇ ਹਨ । ਜੋ ਕਿ ਸਰਕਾਰੀ ਲੇਖੇ ਤੋਂ ਬਾਹਰ ਹੁੰਦੇ ਹਨ ।

ਰਾਜ ਸਰਕਾਰ ਨੇ ਮਾਰਚ 2015 ਵਿੱਚ, ਲੋਕ ਨਿਰਮਾਣ ਵਿਭਾਗ ਨੂੰ 8443 ਮਦ– ਸਿਵਲ ਡਿਪਾਜ਼ਿਟ 108 – ਪੀ.ਡਬਲਯੂ ਡਿਪਾਜ਼ਿਟ ਦੇ ਅਧੀਨ ਖਜਾਨੇ ਵਿੱਚ ਖੋਲ੍ਹੇ ਜਾਣ ਵਾਲੇ ਖਾਤਿਆਂ ਵਿੱਚ ਫੰਡ ਜਮ੍ਹਾਂ ਕਰਨ ਦੇ ਨਿਰਦੇਸ਼ ਦਿੱਤੇ ਸਨ। ਜਦੋ ਕਿ ਉਪਰੋਕਤ ਹੁਕਮਾਂ ਤੋਂ ਬਾਦ ਵੀ ਮੰਡਲ ਅਫਸਰ ਆਪਣੇ ਬੈਂਕ ਖਾਤੇ ਵਿੱਚ ਫੰਡ ਜਮਾਂ ਕਰਵਾ ਰਹੇ ਹਨ ।31 ਮਾਰਚ 2022 ਤੱਕ ਸਰਵਜਨਿਕ ਨਿਰਮਾਨ ਮੰਡਲ ਅਫਸਰਾਂ ਦੇ ਖਾਤੇ ਵਿੱਚ ਕੁੱਲ 1,375 ਕਰੋੜ ਰੁਪਏ ਜਮਾਂ ਹਨ । ਅਗਰ ਇਹ ਫੰਡ ਖਜਾਨੇ ਵਿੱਚ ਜਮਾਂ ਕਰਵਾਏ ਜਾਣ ਤਾਂ ਰਾਜ ਸਰਕਾਰ ਦੁਆਰਾ ਰੋਜਾਨਾ ਸ਼ੁੱਧ ਨਕਦ ਬਕਾਇਆ ਨਾਲ ਉਪਾਅ ਸਾਧਨ ਅਤੇ ਪੇਸ਼ਗੀਆਂ ਤੇ ਘੱਟ ਵਿਆਜ ਦੇਣਾ ਪੈਦਾ।

6.7 ਰਾਜ ਸਰਕਾਰ ਦੁਆਰਾ ਕਰਜ਼ੇ ਅਤੇ ਪੇਸ਼ਗੀਆ ਦੇਣਾ :

ਸਾਲ 2021–22 ਦੇ ਅਖੀਰ ਵਿੱਚ ਰਾਜ ਸਰਕਾਰ ਵੱਲੋਂ ਕੁਲ ਕਰਜ਼ੇ ਅਤੇ ਪੇਸ਼ਸਿਆਂ 37,670 ਕਰੋੜ ਰੁ ਸੀ। ਸਾਲ 2021–22 ਵਿੱਚ ਰਾਜ ਸਰਕਾਰ ਨੇ ਕੁੱਲ 1,576 ਕਰੋੜ ਰੁਪਏ ਉਧਾਰ ਅਤੇ ਪੇਸ਼ਗੀਆਂ ਵੱਜੋਂ ਕੀਤੇ। ਰਾਜ ਸਰਕਾਰ ਨੇ 207 ਕਰੋੜ ਰੁਪਏ (ਸਰਕਾਰੀ ਕਰਮਚਾਰਿਆਂ ਦੁਆਰਾ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਵੱਜੋਂ 29 ਕਰੋੜ ਰੁਪਏ ਅਤੇ ਹੋਰ ਬਕਾਇਆ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਦੇ ਰੂਪ ਵਿੱਚ 178 ਕਰੋੜ ਰੁਪਏ ਪ੍ਰਾਪਤ ਕੀਤੇ) ਜੋ ਕਿ 1 ਅਪ੍ਰੈਲ 2021 ਨੂੰ ਕੁੱਲ ਬਕਾਇਆ ਕਰਜ਼ਿਆਂ ਅਤੇ ਐਡਵਾਂਸ (36,301 ਕਰੋੜ ਰੁਪਏ) ਦਾ 0.57 ਫ਼ੀਸਦੀ ਹੈ। ਬਕਾਇਆ ਕਰਜ਼ੇ ਅਤੇ ਪੇਸ਼ਗੀਆਂ ਨੂੰ ਵਾਪਸ ਲੈਣ ਵਾਸਤੇ ਉਠਾਏ ਗਏ ਠੋਸ ਕਦਮ ਸਰਕਾਰ ਦੀ ਵਿੱਤੀ ਸਥਿਤੀ ਸੁਧਾਰਣ ਵਿੱਚ ਮਦਦਗਾਰ ਹੋਣਗੇ।

6.8 ਲੇਖਾ ਰੱਖਣ ਵਾਲੀਆਂ ਇਕਾਈਆਂ ਦੁਆਰਾ ਲੇਖਾ ਭੇਜਣਾ :

ਪੰਜਾਬ ਸਰਕਾਰ ਦੇ ਲੇਖੇ ਦੇ ਪ੍ਰਾਪਤੀਆਂ ਅਤੇ ਖਰਚੇ ਦਾ ਸੰਕਲਨ 21 ਜਿਲਾ ਖਜਾਨਾ, 143 ਜਨਤਕ ਵਰਕਸ ਮੰਡਲ (71 ਇਮਾਰਤ ਅਤੇ ਸੜਕ 19 ਪੰਚਾਇਤੀ ਰਾਜ 53 ਜਲ ਸਪਲਾਈ ਅਤੇ ਸੈਨੀਟੇਸ਼ਨ) 56 ਜਲ ਸਰੋਤ ਮੰਡਲ, 38 ਜੰਗਲਾਤ ਮੰਡਲ ਅਤੇ ਰਿਜ਼ਰਵ ਬੈਂਕ ਦੀ ਕਲੀਅਰੈਂਸ ਮੀਮੋ ਦੇ ਅਧਾਰ ਤੇ ਕੀਤਾ ਜਾਂਦਾ ਹੈ। ਵਿੱਤੀ ਸਾਲ ਦੋਰਾਨ ਕੋਈ ਲੇਖਾ ਬਾਹਰ ਨਹੀ ਰੱਖਿਆ ਗਿਆ।

6.9 ਲੇਖਿਆਂ ਦਾ ਮਿਲਾਨ :

ਲੇਖਿਆ ਵਿੱਚ ਗਲਤ ਵਰਗੀਕੱਰਨ ਤੇ ਮੱਤਭੇਦ ਲਈ ਵਿਭਾਗ ਦਾ ਮੁਖਿਆ ਅਤੇ ਮਰਾਨੇਖਾਕਾਰ (ਲੇ.ਅਤੇ.ਹ.) ਦੋਨੋਂ ਜੁੰਮੇਵਾਰ ਹੁੰਦੇ ਹਨ। ਅਜਿਹਾ ਸੰਕਲਨ ਸਾਰੇ ਮੁੱਖ ਪ੍ਰਬੰਧਕ ਅਫਸਰਾਂ ਦੁਆਰਾ ਕੀਤਾ ਜਾਂਦਾ ਹੈ ਜੋ ਲੇਖਿਆਂ ਦੇ ਖਰਚੇ ਅਤੇ ਪ੍ਰਾਪਤੀਆਂ ਲਈ ਜੁੰਮੇਦਾਰ ਹੁੰਦੇ ਹਨ।

6.10 ਨੈਸ਼ਨਲ ਪੈਨਸ਼ਨ ਸਿਸਟਮ (NPS) :

2021-22 ਦੌਰਾਨ ਨੈਸ਼ਨਲ ਪੈਨਸ਼ਨ ਸਿਸਟਮ ਵਿੱਚ ਕੁੱਲ ਯੋਗਦਾਨ 2,287.14 ਕਰੋੜ ਰੁਪਏ ਸੀ (ਕਰਮਚਾਰਿਆਂ ਦਾ ਯੋਗਦਾਨ 961.47 ਕਰੋੜ ਰੁਪਏ ਅਤੇ ਸਰਕਾਰ ਦਾ ਯੋਗਦਾਨ 1325.67 ਕਰੋੜ ਰੁਪਏ)। ਸਰਕਾਰ ਦੇ ਯੋਗਦਾਨ ਬਾਰੇ ਵਿਸਤਾਰ ਸਹਿਤ ਸੂਚਨਾ ਵਿੱਤ ਲੇਖਿਆਂ ਦੀ ਸਟੇਟ ਸੈਂਟ 15 ਵਿੱਚ ਉਪਲਬਧ ਹੈ। ਸਰਕਾਰ ਨੇ 2,287.14 ਕਰੋੜ ਰੁਪਏ ਲੋਕ ਲੇਖੇ ਅਧੀਨ ਮੁਖ ਸਦ 8342-117 ਕਰੋੜ ਰੁਪਏ ਪਰੀਭਾਸ਼ਿਤ ਯੋਗਦਾਨ ਪੈਨਸ਼ਨ ਸਕੀਮ ਵਿੱਚ ਟਰਾਂਸਫਰ ਕਿੱਤੇ।

ਏਨ.ਪੀ.ਐਸ. (NPS) ਵਿਚ ਸਰਕਾਰ ਦਾ ਯੋਗਦਾਨ 20.39 ਕਰੋੜ ਰੁਪਏ ਘਟ ਹੈ। (ਸਰਕਾਰ ਦਾ ਯੋਗਦਾਨ 14% ਜਿਹੜਾ ਕਿ 1346.06 ਕਰੋੜ ਰੁਪਏ ਮਾਇਨਸ ਕਿਤਾ ਯੋਗਦਾਨ 1,325.67 ਕਰੋੜ ਰੁਪਏ) ਜਿਹੜਾ ਕਿ ਨਤੀਜੇ ਵਜੋਂ ਰੈਵਿਨਓ ਡੈਫਿਸਿਟ ਅਤੇ ਫਿਸਕਲ ਡੈਫਿਸਿਟ ਵਿਚ ਪਾਇਆ ਗਿਆ।

6.11 ਰਾਜ ਮੁਆਵਜਾ ਵਣਨ ਫੰਡ :

ਮੁਖਮਦ 2406 ਦੇ ਅਧੀਨ ਮੁਆਵਜਾ ਵਣਨ ਲਈ ਰਾਜ ਦੇ ਬਜਟ ਵਿਚੋਂ ਖਰਚਾ ਕਿਤਾ ਜਾਂਦਾ ਹੈ ਅਤੇ ਬਾਦ ਵਿਚ ਰਾਜ ਮੁਆਵਜਾ ਵਣਨ ਫੰਡ ਵਿਚੋਂ ਇਸ ਦੀ ਪੂਰਤੀ ਕੀਤੀ ਜਾਂਦੀ ਹੈ। ਮੁਖ ਮਦ 2406 ਵਨ ਤੇ ਜੰਗਲਾਤ 04 ਵਣਨ ਅਤੇ ਪਰਿਸਥਿਤੀ ਵਿਗਿਆਨ ਦਾ ਵਿਕਾਸ 103-ਮੁਆਵਜਾ ਵਣਨ 01 ਰਾਜ ਦੇ ਅਧੀਨ 2021-22 ਦੇ ਬਜਟ ਵਿੱਚ ਐਸ ਐਂ ਈ 36 ਅਨੁਦਾਨ ਸਹਾਇਤਾ ਜਨਰਲ (ਸੈਲਰੀ ਤੋਂ ਇਲਾਵਾ) ਦੇ ਇਲਾਵਾ ਕੰਮ ਕਰਾਨ ਅਤੇ ਖਰਚਾ ਕਰਨ ਲਈ ਕਿਸੀ ਮਦ ਵਿਚ ਬਜਟ ਪ੍ਰੋਵੀਜਨ ਨਹੀ ਕੀਤਾ ਗਿਆ। ਇਹ ਅਨੁਦਾਨ ਸਹਾਇਤਾ ਰਾਜ ਕੈਂਪਾ ਅਥਾਰਟੀ ਨੂੰ ਦਿੱਤੀ ਗਈ।

ਸਾਲ 2021-22 ਦੋਰਾਨ ਰਾਜ ਸਰਕਾਰ ਨੇ 67.16 ਕਰੋੜ ਰੁ ਦਾ ਵਿਆਜ ਦਿੱਤਾ ਜਿਸ ਵਿਚੋਂ 2019-20 ਵਿਚ 33.27 ਕਰੋੜ ਅਤੇ 2020-21 ਰੁ 33.89 ਕਰੋੜ ਸੀ ਰਾਜ ਸਰਕਾਰ ਰਾਹੀਂ ਚਾਲੂ ਪ੍ਰਾਪਤੀਆਂ ਦੀ ਸੂਚਨਾ ਪ੍ਰਾਪਤ ਨਹੀਂ ਹੋਈ। ਸਾਲ 2021-22 ਵਿਚ ਕੋਈ ਵੀ ਰਾਸੀ ਮੁੱਖ ਮਦ 8336- ਸਿਵਿਲ ਡਿਪਾਸਿਟ ਵਿਚ ਜਮਾਂ ਨਹੀਂ ਕੀਤੀ ਗਈ।

31 ਮਾਰਚ 2022 ਨੂੰ ਰਾਜ ਮੁਆਵਜਾ ਵਣਨ ਫੰਡ ਵਿੱਚ ਕੁਲ ਰਾਸ਼ੀ ਰੁ 1,108.00 ਕਰੋੜ ਸੀ।

6.12 ਇਮਾਰਤ ਅਤੇ ਹੋਰ ਉਸਾਰੀ ਕਾਮਿਆਂ ਦੇ ਭਲਾਈ ਲਈ ਸੈਸ :

ਭਾਰਤ ਸਰਕਾਰ ਨੇ ਇਮਾਰਤ ਅਤੇ ਹੋਰ ਉਸਾਰੀ ਕਾਮਿਆਂ ਦੀ ਭਲਾਈ ਲਈ ਸੈਸ ਐਕਟ, 1996 (ਸੈਸ ਐਕਟ) ਰਾਹੀ ਸੈਸ ਲਗਾਉਣ ਲਈ ਅਤੇ ਸੈਸ ਇਕਠਾ ਕਰਕੇ ਕਾਮਿਆਂ ਦੀ ਭਲਾਈ ਲਈ ਖਰਚ ਕਰਨਾ ਸੀ। 31 ਮਾਰਚ 2021 ਨੂੰ ਮੁੱਖ ਮਦ 0230 ਹੇਠਾਂ ਨਾ ਤਬਦੀਲ ਕੀਤੀ ਗਈ ਰਕਮ ਰੁ 12.17 ਕਰੋੜ ਸੀ। ਸਾਲ 2021-22 ਦੋਰਾਨ ਸਰਕਾਰ ਵਲੋਂ ਮੁੱਖ ਮਦ 0230 ਹੇਠਾਂ ਰੁ 15.96 ਕਰੋੜ ਲੇਬਰ ਸੈਸ ਤੋਂ ਇਕਠਾ ਕੀਤਾ ਗਿਆ। ਅਤੇ ਕੋਈ ਵੀ ਰਕਮ ਇਮਾਰਤ ਅਤੇ ਉਸਾਰੀ ਕਾਮਿਆਂ ਦੇ ਭਲਾਈ ਬੋਰਡ ਨੂੰ ਜਮਾ ਨਹੀ ਕਰਵਾਈ ਗਈ। ਇਸ ਤਰਾਂ ਮੁੱਖ ਮਦ 0230 ਹੇਠਾਂ ਨਾ ਜਮਾ ਕਰਵਾਈ ਗਈ ਰਕਮ ਰੁ 28.13 ਕਰੋੜ ਸੀ।

© COMPTROLLER AND AUDITOR GENERAL OF INDIA
2022
www.cag.gov.in

www.cag.gov.in/ae/punjab/en